# ਮਾਝ ਦੀ ਵਾਰ ਦਾ ਸਾਹਿਤਕ ਅਧਿਐਨ

**Maajh di Vaar da Sahitik Adhyan**

Harpreet Kaur

M.A. Student

Reg. No. 11302272

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ

ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ

ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ

ਖੋਜ-ਪ੍ਰਬੰਧ

ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

2015

## ਘੋਸ਼ਣਾ ਪੱਤਰ

ਮੈਂ ਹਰਪ੍ਰੀਤ ਕੌਰ ਇਹ ਬਿਆਨ ਕਰਦੀ ਹਾਂ ਕਿ 'ਮਾਝ ਦੀ ਵਾਰ ਦਾ ਸਾਹਿਤਕ ਅਧਿਐਨ' ਵਿਸ਼ੇ 'ਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ ਹੈ। ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾਜਾ ਚੁੱਕਾ ਹੋਵੇ।

**ਖੋਜਾਰਥੀ**

**ਹਰਪ੍ਰੀਤ ਕੌਰ**

**ਰਜਿ. ਨੰ.** 11302272

## ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਹਰਪ੍ਰੀਤ ਕੌਰ ਨੇ "ਮਾਝ ਦੀ ਵਾਰ ਦਾ ਸਾਹਿਤਕ ਅਧਿਐਨ" ਵਿਸ਼ੇ ਉੱਤੇ ਐਮ.ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਕਰਨ ਲਈ ਸਿਫ਼ਾਰਿਸ਼ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ** ਨਿਗਰਾਨ

**ਡਾ. ਬਲਵਿੰਦਰ ਸਿੰਘ ਥਿੰਦ**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ

**ਭੂਮਿਕਾ** vi-viii

**ਅਧਿਆਇ ਪਹਿਲਾ** 1-18

ਵਾਰ ਦਾ ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਅਧਿਐਨ

**ਅਧਿਆਇ ਦੂਜਾ** 19-32

ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਰਚਨਾ

**ਅਧਿਆਇ ਤੀਜਾ** 33-57

ਮਾਝ ਦੀ ਵਾਰ ਦਾ ਵਿਸ਼ਾ ਪੱਖ

**ਅਧਿਆਇ ਚੌਥਾ** 58-76

ਮਾਝ ਦੀ ਵਾਰ ਦਾ ਕਲਾਤਮਕ ਪੱਖ

**ਸ਼ਾਰ** 77-80

**ਪੁਸਤਕ ਸੂਚੀ** 81-82

## ਭੂਮਿਕਾ

ਇਹ ਤੱਥ ਬੜਾ ਪ੍ਰਮਾਣਿਕਹੈ ਕਿ 'ਵਾਰ' ਗੁਰਮਤਿ ਸਾਹਿਤ ਦਾ ਸਭ ਤੋਂ ਪੁਰਾਣਾ ਪ੍ਰਾਪਤ ਕਾਵਿ ਰੂਪਾਕਾਰ ਹੈ। ਪੰਜਾਬੀ ਸਾਹਿਤ ਵਿਚ ਵਾਰ ਕਾਵਿ ਨੂੰ ਵਿਸ਼ੇਸ਼ ਸਥਾਨ ਹਾਸਲ ਹੈ। ਮੱਧਕਾਲ ਪੰਜਾਬੀ ਸਾਹਿਤ ਪਰੰਪਰਾ ਦਾ ਉਹ ਵੱਡਮੁੱਲਾ ਸਰਮਾਇਆ ਹੈ ਜੋ ਅੱਜ ਤੱਕ ਪੰਜਾਬੀ ਚਿੰਤਨ ਦਾ ਮਾਰਗ-ਦਰਸ਼ਨ ਬਣਿਆ ਹੋਇਆ ਹੈ। ਇਸ ਕਾਲ ਵਿਚ ਪੈਦਾ ਹੋਈਆ। ਕਿੱਸਾ, ਵਾਰ, ਗੁਰਮਤਿ, ਸੂਫ਼ੀ ਆਦਿ ਪੰਜਾਬੀ ਸਾਹਿਤ ਦੇ ਇਹ ਕਦੀ ਨਾ ਖ਼ਤਮ ਹੋਣ ਵਾਲੇ ਕਾਵਿ-ਰੂਪ ਹਨ, ਇਸ ਕਾਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਸ ਕਾਲ ਵਿਚ ਵਿਭਿੰਨ ਕਾਵਿ-ਰੂਪਾਂ ਨੇ ਜਨਮ ਲਿਆਂ। ਇਸ ਕਾਲ ਵਿਚ ਸਾਨੂੰ ਦੋ ਤਰ੍ਹਾਂ ਦਾ ਸਾਹਿਤ ਰਚਿਆ ਮਿਲਦਾ ਹੈ ਲੌਕਿਕ ਅਤੇ ਪਾਰਲੌਕਿਕ। ਕਿੱਸਾ, ਵਾਰ ਆਦਿ ਪਰੰਪਰਾਵਾਂ ਜਿੱਥੇ ਲੌਕਿਕ ਸੰਸਾਰ ਨਾਲ ਸਬੰਧਿਤ ਕਾਵਿ-ਧਾਰਾਵਾਂ ਹਨ ਉਥੇ ਗੁਰਮਤਿ ਅਤੇ ਸੂਫ਼ੀ ਪਾਰਲੌਕਿਕ (ਅਲੌਕਿਕ) ਜਗਤ ਨਾਲ ਸਬੰਧਿਤ ਧਾਰਾਵਾਂ ਹਨ।

'ਵਾਰ' ਪੰਜਾਬੀ ਸਾਹਿਤ ਦਾ ਮੁੱਢਲਾ ਤੇ ਮੌਲਿਕ ਕਾਵਿ-ਰੂਪ ਹੈ ਜਿਸਦਾ ਜਨਮ ਪੰਜਾਬੀ ਸਭਿਆਚਾਰ ਦੀ ਆਪਣੀ ਲੋਕ-ਪਰੰਪਰਾ ਵਿਚੋਂ ਪੈਦਾ ਹੋਇਆ ਸਵੀਕਾਰ ਕੀਤਾ ਜਾਂਦਾ ਹੈ। ਮੱਧਕਾਲੀ ਪੰਜਾਬੀ ਸਾਹਿਤ ਦੀ ਇਹ ਬੁਨਿਆਦੀ ਵਿਸ਼ੇਸ਼ਤਾ ਰਹੀ ਹੈ ਕਿ ਮੱਧਕਾਲੀ ਕਵੀਆਂ ਨੇ ਲੋਕ-ਸਾਹਿਤ ਪਰੰਪਰਾ ਨਾਲ ਜੁੜੇ ਰਹਿ ਕੇ ਇਸਦੀਆਂ ਲੋਕ-ਜੀਵਨ ਵਿਚ ਪ੍ਰਚਲਿਤ ਕਾਵਿ-ਰੂੜ੍ਹੀਆਂ, ਕਾਵਿ-ਰੂਪਾਂ ਆਦਿ ਨੂੰ ਹੀ ਆਪਣੀ ਰਚਨਾ ਦ੍ਰਿਸ਼ਟੀ ਦਾ ਆਧਾਰ ਬਣਾਇਆ ਹੈ। ਵਾਰ ਵੀ ਅਜਿਹਾ ਹੀ ਕਾਵਿ-ਰੂਪ ਹੈ ਜੋ ਕਿ ਲੋਕ-ਸਾਹਿਤ ਪਰੰਪਰਾ ਵਿਚੋਂ ਪੰਜਾਬੀ ਸਾਹਿਤ ਪਰੰਪਰਾ ਅੰਦਰ ਪ੍ਰਵੇਸ਼ ਕਰਦਾ ਹੈ। ਪ੍ਰੰਤੂ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਦ੍ਰਿਸ਼ਟੀ ਨਾਲ ਜੁੜਕੇ ਪੰਜਾਬੀ ਸਾਹਿਤ ਇਕ ਵੱਖਰਾ ਸਰੂਪ ਵੀ ਅਖ਼ਤਿਆਰ ਕਰਦਾ ਹੈ। ਵਾਰ ਪਰੰਪਰਾ ਲੋਕ-ਜੀਵਨ ਵਿਚ ਬੀਰ-ਰਸੀ ਧੁਨੀਆਂ ਵਾਲੀਆਂ ਵਾਰਾਂ ਦੇ ਰੂਪ ਵਿਚ ਪ੍ਰਚਲਿਤ ਅਤੇ ਪ੍ਰਾਪਤ ਹੁੰਦੀ ਹੈ ਪ੍ਰੰਤੂ ਗੁਰੂ ਨਾਨਕ ਦੇਵ ਨੇ ਇਸ ਕਾਵਿ-ਰੂਪ ਦੀ ਵਰਤੋਂ ਅਧਿਆਤਮਕ ਪ੍ਰਸੰਗ ਵਿਚ ਰੱਖ ਕੇ ਗੁਰਮੁਖ 'ਤੇ ਮਨਮੁਖ ਦਾ ਟਕਰਾਉ ਪੇਸ਼ ਕਰਦਿਆਂ ਵਾਰ ਕਾਵਿ-ਰੂਪ ਨੂੰ ਉਹ ਅਧਿਆਤਮਕ ਉਚਾਈ ਪ੍ਰਦਾਨ ਕੀਤੀ ਜਿਸ ਨਾਲ ਕਿ ਇਹ ਕਾਵਿ-ਰੂਪ ਲੌਕਿਕ ਸੰਸਾਰ ਵਿਚੋਂ ਨਿਕਲ ਕੇ ਅਧਿਆਤਮਕ ਸੰਸਾਰ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਗੁਰੂ ਨਾਨਕ ਦੇਵ ਜੀ

ਪਹਿਲੇ ਮੌਲਿਕ ਵਾਰਕਾਰ ਕਵੀ ਦੇ ਤੌਰ ਤੇ ਸਾਡੇ ਸਾਹਮਣੇ ਆਉਂਦੇ ਹਨ। 'ਮਾਝ ਦੀ ਵਾਰ' ਗੁਰੂ ਸਾਹਿਬ ਦੀ ਮਹਾਨ ਰਚਨਾ ਹੈ।

ਮੇਰਾ ਇਹ ਖੋਜ ਨਿਬੰਧ ਪੰਜਾਬੀ ਸਾਹਿਤ ਦੀ ਇਸ 'ਮਾਝ ਦੀ ਵਾਰ' ਦਾ ਸਾਹਿਤਕ ਅਧਿਐਨ ਪ੍ਰਸਤੁਤ ਕਰਨ ਨਾਲ ਸਬੰਧਿਤ ਹੈ। ਮੱਧਕਾਲ ਵਿਚ ਗੁਰੂ ਨਾਨਕ ਦੇਵ ਜੀ ਮਹਾਨ ਸੰਤ, ਉੱਚ ਕੁੱਟੀ ਦੇ ਵਿਦਵਾਨ ਕਵੀ ਹੋਏ ਹਨ। ਗੁਰੂ ਸਾਹਿਬ ਨੇ ਵਿਚ ਪੂਰਵ ਵਿਚ ਪ੍ਰਚਲਿਤ ਧਾਰਮਕ, ਸਮਾਜਕ, ਅਨੈਤਿਕਤਾ ਦਾ ਖੰਡਨ ਕੀਤਾ ਹੈ। ਅਤੇ ਨਾਲ ਹੀ ਮਨੁੱਖ ਨੂੰ ਅਧਿਆਤਮਕ ਮਾਰਗ ਉੱਪਰ ਚਲਣ ਲਈ ਪ੍ਰੇਰਿਆ ਹੈ। 'ਵਾਰ' ਦੋ ਪ੍ਰਕਾਰ ਦੀ ਹੁੰਦੀ ਹੈ ਦੁਨਿਆਵੀਂਤੇ ਅਧਿਆਤਮਕ ਹੁੰਦੀ ਹੈ। ਖੋਜ-ਕਾਰਜ ਲਈ ਅਧਿਆਤਮਕ 'ਮਾਝ ਦੀ ਵਾਰ' ਨੂੰ ਚੁਣਿਆ ਗਿਆਹੈ। ਇਸ ਖੋਜ ਕਾਰਜ ਨੂੰ ਨਿਪੇਰੇ ਚੜਾਉਂਣ ਲਈ ਇਸਦੀ ਅਧਿਐਨ ਵਿਚ ਵੰਡ ਕੀਤੀ ਗਈ। ਇਹ ਬਾਣੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਹੈ। ਵਿਸ਼ਵ ਸਭਿਆਚਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਵਿਸ਼ਿਸ਼ਟ ਸਥਾਨ ਹੈ। ਆਪ ਨੇ ਉਲਝੇ ਵਿਅਕਤੀ ਨੂੰ ਨਵੇਂ ਯੁਗ ਦੀ ਰੌਸ਼ਨੀ ਵਿਚ ਲਿਆ ਖੜਾ ਕੀਤਾ। ਇਸ ਵਾਰ ਵਿਚ ਮਨਮੁਖ 'ਤੇ ਗੁਰਮੁਖ ਦੀ ਟੱਕਰ ਨੂੰ ਦਰਸਾਇਆ ਗਿਆ ਹੈ। ਇਸ ਬਾਣੀ ਵਿਚ ਗੁਰੂ ਜੀ ਮਨੁੱਖ ਨੂੰ ਸਚਿਆਰ ਬਣਾਉਣਾ ਲੋਚਦੇ ਹਨ। ਗੁਰੂ ਜੀ ਮਨੁੱਖ ਨੂੰ ਸੱਚੇ ਪਰਮਾਤਮਾ ਦੇ ਸਰੂਪ ਅਤੇ ਪ੍ਰਕ੍ਰਿਤੀ ਦੇ ਅਨੁਸਾਰ 'ਸਚਿਆਰ' ਬਣਾਉਣਾ ਚਾਹੁੰਦੇ ਹਨ। ਜਦੋਂ ਮਨੁੱਖ ਸਚਿਆਰ ਬਣ ਜਾਵੇਗਾਂ ਉਸਦੀਆਂ ਇੱਛਾਵਾਂ ਤੇ ਕਮਜ਼ੋਰੀਆਂ ਆਪਣੇ ਆਪ ਹੀ ਖ਼ਤਮ ਹੋ ਜਾਣਗੀਆਂ। ਗੁਰੂ ਜੀ ਦੀ ਹਰੇਕ ਬਾਣੀ ਮਨੁੱਖ ਲਈ ਕਲਿਆਣਕਾਰੀ ਹੈ। 'ਮਾਝ ਦੀ ਵਾਰ' ਵਿਚ ਗੁਰੂ ਸਾਹਿਬ ਜੀ ਨੇ ਪਰਮਾਤਮਾ ਦੀ ਲੀਲ੍ਹਾ ਨੂੰ ਬਹੁਤ ਹੀ ਵਿਸਮਾਦੀ ਅਨੁਭਵ ਵਿਚ ਪੇਸ਼ ਕੀਤਾ ਹੈ। 'ਮਾਝ ਦੀ ਵਾਰ' ਰਚਨਾ ਵਿਚ ਗੁਰੂ ਸਾਹਿਬ ਨੇ ਵਾਰ-ਕਾਵਿ ਦੇ ਰੂਪਾਕਾਰ ਨੂੰ ਆਧਾਰ ਬਣਾ ਕੇ ਮਨੁੱਖੀ ਜੀਵਨ ਦੇ ਪ੍ਰਗਤੀਸ਼ੀਲ ਸੰਦਰਭ ਨੂੰ ਪੇਸ਼ ਕੀਤਾ ਹੈ। ਇਸ 'ਮਾਝ ਦੀ ਵਾਰ' ਦੇ ਅੰਤ ਵਿਚ ਗੁਰੂ ਸਾਹਿਬ ਆਪਣੇ ਆਪ ਨੂੰ 'ਪਰਮਾਤਮਾ' ਦੇ ਦਰ ਦਾ ਢਾਡੀ' ਘੋਸ਼ਿਤ ਕਰਦੇ ਹਨ, ਜੋ ਕਿ ਦਿਨ ਅਤੇ ਰਾਤ ਪਰਮਾਤਮਾ ਦੇ ਜੱਸ ਦੀਆਂ ਵਾਰਾਂ ਗਾਉਂਦਾ ਹੈ।

ਦੂਸਰੇ ਅਧਿਆਇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਦਰਸਾਇਆਂ ਗਿਆ ਹੈ।ਗੁਰੂ ਸਾਹਿਬ ਜੀ ਸਿੱਖ ਧਰਮ ਦੇ ਮੋਢੀ ਸਨ ਗੁਰੂ ਜੀ ਇਕ ਉੱਚੇ ਵਿਦਵਾਨ ਅਤੇ ਮਹਾਨ ਫਿਲਾਸਫਰ ਸਨ। ਗੁਰੂ ਜੀ

ਬਚਪਨ ਤੋਂ ਹੀ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸੀ ਉਨ੍ਹਾਂ ਨੇ ਕਈ ਬਾਣੀਆ ਦੀ ਰਚਨਾ ਕੀਤੀ ਉਨਾਂ ਨੇ ਚਾਰ ਉਦਾਸੀਆ ਵੀ ਕੀਤੀਆਂ ਅਤੇ ਲੋਕਾਂ ਨੂੰ ਸਿੱਦੇ ਰਾਹ ਪਾਇਆ

ਤੀਸਰੇ ਅਧਿਆਇ ਵਿਚ ਗੁਰੂ ਜੀ ਦੀ ਮਹਾਨ ਰਚਨਾ 'ਮਾਝ ਦੀ ਵਾਰ' ਦੀ ਗੱਲ ਕੀਤੀ ਹੈ। ਇਸ ਵਾਰ ਵਿਚ ਆਏ ਵੱਖ-ਵੱਖ ਵਿਸ਼ਿਆਂ ਨੂੰ ਦਰਸਾਇਆਂ ਗਿਆ ਹੈ। ਸਮਾਜਕ, ਸਚਿਆਰ, ਮਨਮੁਖ ਅਤੇ ਗੁਰਮੁਖ ਦੀ ਟੱਕਰ ਅਤੇ ਨਾਸ਼ਮਾਨਤਾ ਨੂੰ ਦਰਸਾਇਆਂ ਗਿਆ ਹੈ।

ਚੌਥੇ ਅਧਿਆਇ ਵਿਚ ਵਾਰ ਦੇ ਕਲਾ-ਪੱਖ ਨੂੰ ਉਲੀਕਿਆਂ ਗਿਆ ਇਸ ਵਾਰ ਵਿਚ ਗੁਰੂ ਸਾਹਿਬ ਜੀ ਨੇ ਬਿੰਬ, ਛੰਦ, ਰਸ, ਅਲੰਕਾਰ, ਸਲੋਕ, ਅਤੇ ਇਸਦੀਆਂ ਭਾਸ਼ਾਈ-ਸੰਚਾਰ ਵਿਧੀਆਂ ਨੂੰ ਆਪਣੇ ਇਸ ਅਧਿਆਇ ਵਿਚ ਵਿਚਾਰਿਆ ਹੈ।

### ਖੋਜ-ਕਾਰਜ ਦਾ ਖੇਤਰ

ਮੈਂ ਇਸ ਖੋਜ ਕਾਰਜ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਮਾਝ ਦੀ ਵਾਰ' ਚੁਣਿਆ ਹੈ। ਮੈਂ ਇਸ ਵਿਸ਼ੇ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਬਾਕੀ ਰਚਨਾਵਾਂ ਬਾਰੇ ਥੋੜ੍ਹੀ ਗੱਲ ਕਰਕੇ ਜ਼ਿਆਦਾ ਤਰਜੀਹ 'ਮਾਝ ਦੀ ਵਾਰ' ਨੂੰ ਦਿੱਤੀ ਹੈ। ਇਸ ਖੋਜ ਕਾਰਜ ਵਿਚ ਸੀਮਾ ਇਸ ਕਰਕੇ ਨਿਰਧਾਰਿਤ ਕੀਤੀ ਗਈ ਹੈ। ਕਿਉਂਕਿ ਇਹ ਐਮ. ਏ ਪੰਜਾਬੀ ਡਿਗਰੀ ਦੇ ਹਿੱਤ ਲਈ ਕੀਤਾ ਖੋਜ ਕਾਰਜ ਹੈ ਅਤੇ ਪਾਠਕ੍ਰਮ ਵਿਚੋਂ ਘੱਟ ਸਮਾਂ ਮਿਲਣ ਦੇ ਕਾਰਨ ਸਿਰਫ਼ ਇਕ ਹੀ ਵਾਰ ਉੱਪਰ ਧਿਆਨ ਕੇਂਦਰਿਤ ਕੀਤਾ ਜਾ ਸਕਦਾ ਹੈ। ਇਸ ਲਈ ਖੋਜ ਕਾਰਜ ਦੀ ਸੀਮਾ ਨਿਰਧਾਰਿਤ ਕੀਤੀ ਗਈ ਹੈ। ਇਸ ਲਈ ਇਸ ਖੋਜ ਕਾਰਜ ਵਿਚ 'ਮਾਝ ਦੀ ਵਾਰ' ਨੂੰ ਸਹੀ ਢੰਗ ਨਾਲ ਨਿਭਾ ਸਕਦੀ ਹੈ।

**ਖੋਜ-ਵਿਧੀ:** ਹਰ ਖੋਜ-ਕਾਰਜ ਦੀ ਵਿਹਾਰਕ ਪੱਧਰ 'ਤੇ ਸਾਰਥਕਤਾ ਨਿਰਧਾਰਤ ਕਰਨ ਲਈ ਕਿਸੇ ਨਾ ਕਿਸੇ ਖੋਜ-ਵਿਧੀ ਨੂੰ ਲਾਗੂ ਕਰਨ ਦੀ ਜ਼ਰੂਰਤ ਹੁੰਦੀ ਹੈ।ਹਥਲੇ ਖੋਜ-ਕਾਰਜ ਦਾ ਮੂਲ ਉਦੇਸ਼ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਰਚਨਾ ਸੰਸਾਰ ਦੀ ਨਿਸ਼ਾਨਦੇਹੀ ਕਰਦੇ ਹੋਏ, 'ਮਾਝ ਦੀ ਵਾਰ' ਦੇ ਵਿਚ ਪੇਸ਼ ਵਿਭਿੰਨ ਵਿਸ਼ਿਆਂ ਦੀ ਪਹਿਚਾਣ ਕਰਨਾ ਹੈ, ਇਸ ਲਈ ਹਥਲੇ ਖੋਜ-ਕਾਰਜ ਦਾ ਵਿਵੇਚਨ ਕਰਦੇ ਸਮੇਂ ਵਿਹਾਰਿਕ ਸਮੀਖਿਆ ਦੇ ਨਾਲ-ਨਾਲ ਮੈਕਰੋ ਅਧਿਐਨ ਅਤੇ ਮਾਇਕਰੋ ਅਧਿਐਨ ਖੋਜ-ਵਿਧੀ ਦੀ ਵਰਤੋਂ ਕੀਤੀ ਗਈ ਹੈ।

1. **ਫੁਰਨਾਵਾਦੀ ਵਿਧੀ:-** ਗਿਆਨ-ਚੀਨਣ ਦੀ ਇਕ ਹੋਰ ਵਿਧੀ ਫੁਰਨਾਵਾਦੀ ਹੈ। ਇਸਨੂੰ 'ਰੱਹਸਵਾਦੀ' ਵਿਧੀ ਵੀ ਆਖਦੇ ਹਨ।

**ਖੋਜ-ਕਾਰਜ ਦਾ ਉਦੇਸ਼:**

1) ਗੁਰੂ ਨਾਨਕ ਦੇਵ ਜੀ ਦਾ ਜੀਵਨ ਆਦਰਸ਼ ਅਤੇ ਉਨ੍ਹਾਂ ਦੀ ਬਾਣੀ ਦੀ ਮਹੱਤਤਾ ਨੂੰ ਦਰਸਾਉਣਾ
2) 'ਮਾਝ ਦੀ ਵਾਰ' ਦਾ ਵਿਸ਼ਾ ਪੱਖ ਅਤੇ ਕਲਾ ਪੱਖ ਦਾ ਅਧਿਐਨ ਕਰਨਾ
3) ਅਜੋਕੇ ਸਮੇਂ ਵਿਚ ਗੁਰਬਾਣੀ ਦੀ ਪ੍ਰਸੰਗਿਕਤਾ ਦਰਸਾਉਣਾ
4) ਗਰੂ ਨਾਨਕ ਦੇਵ ਜੀ ਦੀ ਬਾਣੀ 'ਮਾਝ ਦੀ ਵਾਰ' ਦੇ ਅਧਿਆਤਮਕ, ਸਮਾਜਕ ਅਤੇ ਧਾਰਮਕ ਸਰੋਕਾਰਾਂ ਨੂੰ ਦਰਸਾਉਣਾ
5) 'ਮਾਝ ਦੀ ਵਾਰ' ਦੇ ਵਿਭਿੰਨ ਪੱਖਾਂ ਦਾ ਜੀਵਨ ਵਿਚ ਵਿਹਾਰਕ ਮਹੱਤਤਾ ਨੂੰ ਦਰਸਾਉਣਾ
6) ਗੁਰੂ ਨਾਨਕ ਦੇਵ ਜੀ ਦੀ ਬਾਣੀ 'ਮਾਝ ਦੀ ਵਾਰ' ਦਾ ਕਲਾਤਮਕ ਪੱਖ ਦਾ ਅਧਿਐਨ ਕਰਨਾ

**ਪੂਰਵ ਖੋਜ-ਕਾਰਜ:**

ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ। ਉਨ੍ਹਾਂ ਦੇ ਸਮੁੱਚੇ ਰਚਨਾ ਜਗਤ ਉੱਪਰ ਵਿਭਿੰਨ ਯੂਨੀਵਰਸਿਟੀਆਂ ਵਿਚ ਬਹੁਤ ਪੱਧਰ 'ਤੇ ਕੰਮ ਹੋ ਚੁੱਕਾ ਹੈ।ਜਿਨ੍ਹਾਂ ਦੇ ਬਾਰੇ ਵਰਣਨ ਹੇਠ ਲਿਖੇ ਅਨੁਸਾਰ ਹੈ:-

1. ਜਸਵੀਰ ਕੌਰ, ਗੁਰੂ ਨਾਨਕ ਬਾਣੀ ਵਿਚ ਸੰਗਤ ਦਾ ਸੰਕਲਪ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1999
2. ਜਸਮੇਲ ਸਿੰਘ, ਗੁਰੂ ਨਾਨਕ ਦੀਆਂ ਵਾਰਾਂ ਵਿਚ ਗੁਰੂ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ
3. ਇਕਬਾਲ ਕੌਰ, ਗੁਰੂ ਨਾਨਕ ਬਾਣੀ ਵਿਚ ਧਾਰਮਕ, ਸਮਾਜਕ ਤੇ ਰਾਜਨੀਤਿਕ ਪ੍ਰਸਥਿਤੀਆ ਦੀ ਸਮੀਖਿਆ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
4. ਹਰਜਿੰਦਰ ਕੌਰ, ਗੁਰੂ ਨਾਨਕ ਦੀਆਂ ਵਾਰਾਂ ਦਾ ਲੋਕ-ਤਾਂਤਵਿਕ ਅਧਿਐਨ, ਜੰਮੂ ਯੂਨੀਵਰਸਿਟੀ, 1989

5. ਹਰਬੰਸ ਸਿੰਘ ਬਰਾੜ, ਗੁਰੂ ਨਾਨਕ ਦੇਵ ਜੀ ਦੀ ਰਚਨਾ ਦੀ ਕਲਾ ਪੱਖ, ਪੰਜਾਬੀ ਯੂਨੀਵਰਸਿਟੀ 1968
6. ਕੁਲਵੰਤ ਕੌਰ ਕੌਹਲੀ, ਗੁਰੂ ਨਾਨਕ ਬਾਣੀ ਵਿਚ ਜੀਵ ਦਾ ਸੰਕਲਪ ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1979

ਹਥਲੇ ਖੋਜ-ਕਾਰਜ ਦਾ ਵਿਸ਼ਾ ਉਪਰੋਕਤ ਦਰਜ ਸਾਰੇ ਵਿਸ਼ਿਆਂ ਨਾਲੋਂ ਨਿਵੇਕਲਾ ਹੈ। ਉਪਰੋਕਤ ਖੋਜ-ਕਾਰਜਾਂ ਵਿਚ 'ਮਾਝ ਦੀ ਵਾਰ' ਦਾ ਸੰਪੂਰਨ ਵਿਸ਼ਾ ਤੇ ਕਲਾ ਪੱਖ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਖੋਜ-ਕਾਰਜ ਵਿਚ ਸਮੁੱਚੇ ਰੂਪ ਵਿਚਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਮਾਝ ਦੀ ਵਾਰ ਦਾ ਸਾਹਿਤਕ ਅਧਿਐਨ' ਕੀਤਾ ਗਿਆ ਹੈ।
ਮੈਂ ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਆਪਣੇ ਨਿਗਰਾਨ ਬਲਵਿੰਦਰ ਸਿੰਘ ਥਿੰਦ ਜੀ ਦੀ ਯੋਗ ਅਗਵਾਈ ਲਈ ਤਹਿ ਦਿਲੋਂ ਧੰਨਵਾਦੀ ਹਾਂ।

ਹਰਪ੍ਰੀਤ ਕੌਰ

# ਅਧਿਆਇ ਪਹਿਲਾ

# ਵਾਰ ਦਾ ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਅਧਿਐਨ

ਪੰਜਾਬੀ ਸਾਹਿਤ ਦਾ ਆਰੰਭ ਵਿਦਵਾਨਾਂ ਦੀ ਸਾਂਝੀ ਰਾਇ ਮੁਤਾਬਿਕ 8ਵੀਂ-9ਵੀਂ ਸਦੀ ਤੋਂ ਮੰਨਿਆਂ ਜਾਂਦਾ ਹੈ। ਬਹੁਤੇ ਵਿਦਵਾਨਾਂ ਨੇ 8ਵੀਂ-9ਵੀਂ ਸਦੀ ਤੋਂ 1500 ਤੱਕ ਦੇ ਸਮੇਂ ਨੂੰ ਆਦਿ ਕਾਲ ਮੰਨਿਆ ਹੈ। ਪਰੰਤੂ 1501 ਤੋਂ 1850 ਈ: ਤੱਕ ਦੇ ਸਾਹਿਤ ਨੂੰ ਇਕ ਵੱਖਰੇ ਭਾਗ ਵਜੋਂ ਅੰਕਿਤ ਕੀਤਾ ਹੈ। ਮੱਧਕਾਲੀਨ ਪੰਜਾਬੀ ਸਾਹਿਤ ਨੂੰ ਸੁਨਹਿਰੀ ਕਾਲ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। ਭਗਤੀ ਕਾਵਿਧਾਰਾ ਦੀਆਂ ਰਿਸ਼ਮਾਂ ਤਾਂ ਆਦਿ ਕਾਲ ਵਿਚ ਹੀ ਪੈਦਾ ਹੋ ਗਈਆਂ ਸਨ, ਪਰੰਤੂ ਭਗਤੀ ਕਾਵਿਧਾਰਾ ਨੇ ਮੱਧਕਾਲ ਵਿਚ ਪਹੁੰਚ ਕੇ ਪ੍ਰਗਤੀ ਕੀਤੀ। ਭਗਤੀ ਲਹਿਰ ਦੁਆਰਾ ਪੈਦਾ ਹੋਈ ਅਧਿਆਤਮਕ ਅਤੇ ਨਿਰਗੁਣ ਕਾਵਿ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਬਾਅਦ ਦੇ ਸਿੱਖ ਗੁਰੂ ਸਾਹਿਬਾਨ ਨੇ ਵਧੇਰੇ ਵਿਆਪਕ ਅਤੇ ਸਰਬਪੱਖੀ ਪਰਿਪੇਖ ਪ੍ਰਦਾਨ ਕੀਤਾ। 12ਵੀਂ ਸਦੀ ਵਿਚ ਸੇਖ਼ ਫਰੀਦ ਦੁਆਰਾ ਸ਼ੁਰੂ ਕੀਤੀ ਪੰਜਾਬੀ ਸੂਫ਼ੀ ਕਾਵਿ ਦੀ ਪਰੰਪਰਾ ਨੂੰ ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਬੁੱਲ੍ਹੇ ਸ਼ਾਹ ਵਰਗੇ ਕਵੀਆਂ ਨੇ ਨਵੀ ਗਤੀਸ਼ੀਲਤਾ ਅਤੇ ਊਰਜਾ ਪ੍ਰਦਾਨ ਕੀਤੀ ਹੈ। ਲੌਕਿਕ ਪ੍ਰੇਮਾ ਦੇ ਅਨੁਭਵ ਨੂੰ ਪ੍ਰਮਾਣਿਕ ਦੱਸ ਕੇ ਪ੍ਰਗਟਾਉਣ ਵਾਲੀ ਇਕ ਨਵੀਂ ਵਿਧਾ ਕਿੱਸਾ ਕਾਵਿ ਨੇ ਜਨਮ ਲਿਆ, ਜਿਸਨੇ ਪਰਮਾਤਮਾ ਅਤੇ ਵਿਅਕਤੀ ਦੇ ਅਧਿਆਤਮਕ ਪ੍ਰੇਮ ਦੇ ਸਮਾਨਾਂਤਰ ਪੁਰਸ਼ ਅਤੇ ਇਸਤਰੀ ਦੇ ਪ੍ਰੇਮ ਨੂੰ ਕਾਵਿ-ਬੱਧ ਕੀਤਾ। ਮੱਧਕਾਲ ਪੰਜਾਬੀ ਸਾਹਿਤ ਦੇ ਨਿਕਾਸ ਅਤੇ ਵਿਕਾਸ ਦਾ ਮਹੱਤਵਪੂਰਨ ਕਾਲ ਹੈ, ਕਿਉਂਕਿ ਇਸ ਕਾਲ ਵਿਚ ਪੰਜਾਬੀ ਕਵਿਤਾ ਰਚਨ ਦੀ ਪ੍ਰਕਿਰਿਆ ਨੂੰ ਵਿਸ਼ੇਸ਼ ਅਹਿਮੀਅਤ ਮਿਲੀ ਹੈ। ਇਸ ਕਾਲ ਵਿਚ ਪ੍ਰਮੁੱਖ ਤੌਰ ਤੇ ਚਾਰ ਕਾਵਿ-ਧਾਰਾਵਾਂ ਸੂਫ਼ੀ ਕਾਵਿਧਾਰਾ, ਗੁਰਮਤਿ ਕਾਵਿਧਾਰਾ, ਕਿੱਸਾ ਕਾਵਿਧਾਰਾ ਅਤੇ ਵਾਰ ਕਾਵਿਧਾਰਾ ਨੇ ਆਪਣੀ ਰਚਨਾ ਪ੍ਰਕਿਰਿਆ ਵਿਚ ਸਿਖ਼ਰ ਪ੍ਰਾਪਤ ਕੀਤਾ ਹੈ। ਇਸ ਕਾਲ ਵਿਚ ਬੀਰਤਾ ਪ੍ਰਗਟ ਕਰਨ ਵਾਸਤੇ ਲੌਕਿਕ ਵਾਰਾਂ ਦੇ ਨਾਲ-ਨਾਲ ਅਧਿਆਤਮਕ ਵਾਰਾਂ ਵੀ ਰਚੀਆਂ ਜਾਂਦੀਆਂ ਰਹੀਆਂ ਹਨ। ਇਸ ਕਾਲ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਉਲੇਖਯੋਗ ਹਨ।

## 1.1 ਵਾਰ ਦਾ ਸਿਧਾਂਤਕ ਪਰਿਪੇਖ :-

ਪੰਜਾਬੀ ਲੋਕ ਸਾਹਿਤ ਵਿਚੋਂ ਸਾਹਿਤ ਦੇ ਪਿੜ ਵਿਚ ਸਥਾਪਿਤ ਹੋ ਚੁੱਕੇ ਸਾਹਿਤ ਰੂਪਾਂ ਵਿਚੋਂ 'ਵਾਰ' ਪੰਜਾਬੀ ਦਾ ਇਕ ਅਨਿੱਖੜਵਾਂ ਤੇ ਮੌਲਿਕ ਕਾਵਿ ਰੂਪ ਹੈ। ਭਾਵੇਂ ਵਾਰ ਕਾਵਿ ਪੰਜਾਬੀ ਭਾਸ਼ਾ ਜਾ ਭਾਰਤੀ ਭਾਸ਼ਾਵਾਂ ਵਿਚ ਹੀ ਲੋਕ ਪ੍ਰਿਯ ਕਾਵਿ ਰੂਪ ਨਹੀਂ ਸਗੋਂ ਇਹ ਸਮੁੱਚੇ ਵਿਸ਼ਵ ਦੀਆਂ ਭਾਸ਼ਾਵਾਂ ਦੇ ਸਾਹਿਤ ਵਿਚ ਕੇਂਦਰੀ ਮਹਾਨਤਾ ਦਾ ਲਖਾਇਕ ਕਾਵਿ-ਰੂਪ ਹੈ।ਪਰ ਵਿਸ਼ੇਸ਼ ਕਰਕੇ ਪੰਜਾਬੀ ਸਭਿਆਚਾਰ ਦੇ ਨਿੱਖੜਵੇਂ ਲੱਛਣ ਤੇ ਪੰਜਾਬ,

ਭੂਗੋਲਿਕ ਤੌਰ ’ਤੇ ਇਕ ਸੀਮਾਵਰਤੀ ਪ੍ਰਦੇਸ਼ ਹੋਣ ਕਾਰਨ ਇਥੋਂ ਦੀ ਧਰਤੀ ਜੰਗਾਂ-ਯੁੱਧਾਂ ਦਾ ਵਧੇਰੇ ਅਖਾੜਾ ਬਣੀ ਰਹੀ, ਜਿਸ ਕਾਰਨ ਇਹ ਸਾਹਿਤ ਰੂਪ ਇੱਥੇ (ਪੰਜਾਬ ਵਿਚ) ਵਧੇਰੇ ਪ੍ਰਫਲਿੱਤ ਹੋਇਆ। ਮੱਧਕਾਲ ਤੱਕ ਭਾਰਤ (ਹਿੰਦੁਸਤਾਨ) ਉੱਤੇ ਖੁਸ਼ਕੀ ਰਾਹੀਂ, ਆਏ ਹਮਲਾਵਰਾਂ ਦਾ ਉੱਤਰ-ਪੱਛਮ ਦੇ ਦਰਿਆ ਰਾਹੀਂ ਗੁਜ਼ਰਦੇ ਹੋਏ ਸਭ ਤੋਂ ਪਹਿਲਾਂ ਦਸਤ-ਪੰਜਾ, ਪੰਜਾਬ ਨਾਲ ਹੀ ਪਿਆ ਤੇ ਉਹ ਪੰਜਾਬੀਆਂ ਨਾਲ ਲੋਹਾ ਲੈ ਕੀ ਅੱਗੇ ਵਧ ਸਕੇ। ਪੰਜਾਬ ਦੀ ਆਰਥਿਕ ਖੁਸ਼ਹਾਲੀ ਹਮਲਾਵਰਾਂ ਨੂੰ ਹਮਲਾ ਕਰਨ ਲਈ ਸੈਨਤਾਂ ਮਾਰਦੀ ਸੀ, ਨਿੱਤ ਦਿਹਾੜੇ ਹੋਣ ਵਾਲੇ ਹਮਲਿਆਂ ਨੇ ਪੰਜਾਬੀਆਂ ਨੂੰ ਹਠੀਲੇ ਤੇ ਸੂਰਬੀਰ ਯੋਧੇ ਬਣਾ ਦਿੱਤਾ, ਜਿਸ ਦੇ ਫਲਸਰੂਪ ਪੰਜਾਬੀ ਸਭਿਆਚਾਰ ਇਕ ਗਤੀਸ਼ੀਲ ਤੇ ਜੁਝਾਰੂ ਸਭਿਆਚਾਰ ਬਣ ਗਿਆ। ਪੰਜਾਬ ਦੀ ਧਰਤੀ ਸੂਰਬੀਰ ਯੋਧਿਆਂ ਦੀ ਭੂਮੀ ਹੈ। ਇੱਥੇ ਹਰੀ ਸਿੰਘ ਨਲਵਾ ਜਿਹੇ ਬਹਾਦਰਾਂ ਨੇ ਜਨਮ ਲਿਆ, ਜਿਨ੍ਹਾਂ ਨੇ ਸਿਕੰਦਰ ਤੇ ਅਬਦਾਲੀ ਜਿਹੇ ਜਰਨੈਲਾਂ ਦੇ ਮੂੰਹ ਭੁਆਏ ਹਨ।ਇਸ ਧਰਤੀ ਨੂੰ ‘ਮਹਾਂਭਾਰਤ’ ਜਿਹੇ ਯੁੱਧਾਂ ਦੀ ਰਣਭੂਮੀ ਹੋਣ ਦਾ ਮਾਣ ਪ੍ਰਾਪਤ ਹੈ।ਪੰਜਾਬੀਆਂ ਨੇ ਹਮੇਸ਼ਾ ਹੀ ਆਪਣੀ ਅਣਖ-ਆਨ ਦੀ ਰਾਖੀ ਲਈ ਮੌਤ ਰੂਪੀ ਲਾੜੀ ਨੂੰ ਅਪਣਾਇਆਂ ਹੈ। ਲੋਕ ਸਾਹਿਤ ਦੀ ਉਕਤੀ “ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜ੍ਹਕ ਦੇ ਨਾਲ”। ਇੱਥੋਂ ਦੇ ਹਰ ਗੱਭਰੂ ਤੇ ਮੁਟਿਆਰ ਵਿਚ ਲੜਨ, ਮਰਨ ਦਾ ਚਾਅ ਹੈ। ਪ੍ਰੋ. ਪਿਆਰਾ ਸਿੰਘ ਪਦਮ ਲੋਕ ਸਾਹਿਤ ਵਿਚੋਂ ਹਵਾਲੇ ਦੇ ਕੇ ਸਾਡੇ ਇਨ੍ਹਾਂ ਮੱਤਾਂ ਦੀ ਪੁਸ਼ਟੀ ਕਰਦਾ ਹੈ:

“ਭਲਾ ਹੁਆ ਜੁ ਮਾਰਿਆ, ਬਹਿਣਿ ਮ੍ਹਾਰਾਕੰਤ।

ਲੱਜੇ ਤੂੰ ਵਯੰਸਿਆਹੁ, ਜਇ ਭੱਗਾ ਘਰ ਅੰਤੁ। ”[1]

(ਹੇ ਸਖੀ ਚੰਗਾ ਹੋਇਆ ਜੋ ਮੇਰਾ ਕੰਤ ਜੰਗ ਵਿਚ ਮਾਰਿਆ ਗਿਆ ਜੇ ਕਿਤੇ ਭਗੋੜਾ ਹੋ ਕੇ ਘਰ ਵਾਪਸ ਆ ਜਾਂਦਾ ਤਾਂ ਮੈਂ ਗੁਆਢਣਾਂ ਨੂੰ ਮੂੰਹ ਦਿਖਾਉਣ ਜੋਗੀ ਨਹੀਂ ਸੀ ਰਹਿਣਾ)।

ਮੱਧਕਾਲ ਵਿਚ ਭਗਤੀ ਕਾਵਿ-ਧਾਰਾ ’ਤੇ ਵੀ ਸੂਰਮਗਤੀ ਦੇ ਪ੍ਰਤੀਕਾਂ ਦਾ ਪ੍ਰੱਤਖ ਪ੍ਰਭਾਵ ਨਜ਼ਰੀ ਪੈਂਦਾ ਹੈ। ਲਗਭਗ ਸਾਰੇ ਸੰਤਾਂ, ਭਗਤਾਂ, ਗੁਰੂਆਂ ਦੀਆਂ ਰਚਨਾਵਾਂ ਵਿਚ ਬੀਰਤਾ ਭਾਵਾਂ ਦੀ ਮਿਸਾਲ ਪੇਸ਼ ਹੋਈ ਮਿਲਦੀ ਹੈ। ਭਗਤ ਕਬੀਰ ਸੂਰਬੀਰਤਾ ਦੇ ਪ੍ਰਤੀਕ ਦਾ ਪ੍ਰੇਮ ਭਗਤੀ ਵਿਚ ਇਉਂ ਸੰਦੇਸ਼ ਦਿੰਦੇ ਹਨ:

“ਗਗਨ ਦਮਾਮਾ ਬਾਜਿਉ ਪਰਿਓ ਨੀਸਾਨੇ ਘਾਉ॥

ਖੇਤੁ ਜੁ ਮਾਂਡਿਉ ਸੂਰਮਾ ਅਬ ਜੂਝਨ ਕੋ ਦਾਉ॥

ਸੂਰਾ ਸੋ ਪਹਿਚਾਨੀਐ ਜੋ ਲਰੇ ਦੀਨ ਕੇ ਹੇਤੁ॥

ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨਾ ਛਾਡਹਿ ਖੇਤੁ॥ ”[2]

ਸ੍ਰੀਗੁਰੂ ਨਾਨਕ ਦੇਵ ਜੀ ਇਸੇ ਸੁਰ ਵਿਚ ਕਹਿੰਦੇ ਹਨ:

ਜਉ ਤਉ ਪ੍ਰੇਮ ਖੇਲਨ ਕਾ ਚਾਉ॥

ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥

ਸਿਰੁ ਦੀਜੈ ਕਾਣਿ ਨ ਕੀਜੈ॥ "[3]

ਗੁਰੂ ਨਾਨਕ ਚਿੰਤਨ ਦੀ ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਇਉਂ ਸੰਦੇਸ਼ ਦਿੰਦੇ ਹਨ:

"ਦੇਹਿ ਸ਼ਿਵਾ ਵਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂ ਨ ਟਰੋਂ॥

ਨਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸ਼ਚੇ ਕਰਿ ਅਪੁਨੀ ਜੀਤ ਕਰੋ॥

ਅਰੁ ਸਿਖ ਹੋਂ ਆਪਨੇ ਹੀ ਮਨ ਕੋ, ਇਹ ਲਾਲਚ ਹੈ ਗੁਣ ਤਉ ਉਚਰੋਂ॥

ਜਬ ਆਵ ਕੀ ਅਉਧ ਨਿਦਾਨ ਬਨੇ, ਅਤਿ ਹੀ ਰਣ ਮੈਂ ਤਬ ਜੂਝ ਮਰੋਂ॥ "[4]

ਹੁਣ ਅਸੀਂ ਆਪਣੇ ਖੋਜ ਕਾਰਜ ਨੂੰ ਅੱਗੇ ਵਧਾਉਂਦੇ ਹੋਏ ਇਸ ਪ੍ਰਸਿੱਧ ਸਾਹਿਤ ਰੂਪ ਦੇ ਅਰਥ, ਪਰਿਭਾਸ਼ਾਵਾਂ, ਸਰੂਪ 'ਤੇ ਵਿਕਾਸ ਪੱਖ ਨੂੰ ਉਲੀਕਣ ਦਾ ਯਤਨ ਕਰਦੇ ਹਾਂ।

## 1.2 **ਵਾਰ ਦਾ ਅਰਥ**

ਅੰਗਰੇਜ਼ੀ ਵਿਚ ਇਸ ਦਾ ਸਮਾਨਅਰਥੀ ਕਾਵਿ-ਰੂਪ ਹੈ ਜਿਸ ਨੂੰ ਓਡ (Ode) ਕਹਿੰਦੇ ਹਨ। ਇਸ ਦੇ ਲੱਛਣ ਵੀ ਵਾਰ ਨਾਲ ਮਿਲਦੇ ਜੁਲਦੇ ਹਨ। ਓਡ ਕਾਵਿ-ਰੂਪ ਯੂਨਾਨੀ ਸਾਹਿਤ ਦਾ ਹੈ।ਅੰਗਰੇਜ਼ੀ ਦਾ ਸ਼ਬਦ ਜੰਗ ਦੇ ਅਰਥਾਂ ਵਿਚ ਹੈ। ਸਕਾਟ ਭਾਸ਼ਾ ਵਿਚ ਇਸ ਪਦ ਦਾ ਅਰਥ 'ਵੈਰੀ ਨੂੰ ਹਰਾਉਣਾ ਜਾਂ ਕਾਬੂ ਕਰਨਾ ਹੈ। "[5] ਪਰ ਪੰਜਾਬੀ ਵਿਚ ਵਾਰ ਸ਼ਬਦ ਦੀ ਕਈ ਅਰਥਾਂ ਵਿਚ ਵਰਤੋਂ ਹੋਈ ਹੈ। ਪੰਜਾਬੀ ਵਿਦਵਾਨਾਂ ਨੇ ਇਸ ਸ਼ਬਦ ਦੇ ਅਰਥਾਂ ਦੇ ਬਾਰੇ ਕਾਫ਼ੀ ਚਰਚਾ ਕੀਤੀ ਹੈ। ਵਾਰ ਪੰਜਾਬੀ ਕਵਿਤਾ ਦੀ ਇਕ ਵਿਧਾ ਜਾਂ ਰੂਪਾਕਾਰ ਹੈ। ਵਾਰ ਸ਼ਬਦ ਦੀ ਉਤਪਤੀ ਬਾਰੇ ਕਈ ਵਿਚਾਰ ਹਨ। ਮੱਧਕਾਲੀਨ ਪੰਜਾਬੀ ਕਵੀਆਂ ਨੂੰ ਇਸ ਲੋਕ ਕਾਵਿ ਸ਼ੈਲੀ ਨੇ ਸਭ ਤੋਂ ਵਧੇਰੇ ਪ੍ਰਭਾਵਿਤ ਕੀਤਾ ਵਾਰ ਵਿਚ ਟੱਕਰ ਜ਼ਰੂਰ ਹੁੰਦੀ ਹੈ। ਇਹ ਟੱਕਰ ਰਣ ਭੂਮੀ ਵਿਚ ਭਿੜ ਰਹੇ ਸੂਰਮਿਆਂ ਤੋਂ ਛੁਟ

ਗੁਰਮੁਖ ਵਿਚਕਾਰ ਹੋ ਸਕਦੀ ਹੈ ਅਤੇ ਸਭ ਤੇ ਅਸ਼ੁਭ ਅਮਲਾਂ ਦੀ ਵੀ ਹੋ ਸਕਦੀ ਹੈ। ਇਸੇ ਪ੍ਰਕਾਰ ਵਾਰ ਵਿਚ 'ਜਸ' ਬੀਰਤਾ ਦਾ ਵੀ ਹੋ ਸਕਦਾ ਹੈ, ਪ੍ਰਭੂ ਦੀ ਵਡਿਆਈ ਵੀ ਗਾਇਨ ਕੀਤੀ ਜਾ ਸਕਦੀ ਹੈ ਅਤੇ ਕਿਸੇ ਦੇ ਸ਼ੁਭ ਅਮਲਾਂ ਦੀ ਪ੍ਰਸੰਸਾ ਵੀ ਹੋ ਸਕਦੀ ਹੈ। ਡਾ. ਚਰਨ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ 'ਵਾਰ' ਦਾ ਪਉੜੀ ਛੰਦ ਵਿਚ ਰਚੇ ਜਾਣਾ ਜ਼ਰੂਰੀ ਮੰਨਦੇ ਹਨ। ਪਰੰਤੂ ਇਹ ਗ਼ਲਤ ਲੱਗਦਾ ਹੈ। ਵਾਰ ਪਉੜੀਆਂ ਵਿਚ ਤਾਂ ਹੁੰਦੀ ਹੈ। ਪਰ ਪਉੜੀ ਛੰਦ ਨਹੀਂ ਨਾ ਹੀ ਛੰਦ ਦੀ ਕੋਈ ਜਾਤ ਹੁੰਦੀ ਹੈ। ਪਉੜੀ ਲੰਮੀ ਕਵਿਤਾ ਦੇ ਇਕ ਬੰਦ ਨੂੰ ਕਿਹਾ ਜਾਂਦਾ ਹੈ ਅਤੇ ਇਸ ਤੋਂ ਇਹੀ ਭਾਵ ਲੈਣਾ ਉਚਿਤ ਹੈ।'ਗੁਰੂ ਗ੍ਰੰਥ' ਵਿਚ ਵਾਰਾਂ ਤੋਂ ਛੁਟ 'ਜਪੁਜੀ' ਅਤੇ 'ਅਨੰਦ ਸਾਹਿਬ' ਆਦਿ ਰਚਨਾਵਾਂ ਪਉੜੀਆਂ ਵਿਚ ਹਨ। ਛੰਦ ਭਾਵੇਂ ਇਨ੍ਹਾਂ ਦੇ ਭਿੰਨ ਭਿੰਨ ਹਨ।ਪ੍ਰੋ. ਪਿਆਰਾ ਸਿੰਘ ਪਦਮ:- ਉਨ੍ਹਾਂ ਨੇ ਆਪਣੀ ਪੁਸਤਕ "ਪੰਜਾਬੀ ਵਾਰਾਂ" ਦੇ ਆਰੰਭ ਵਿਚ ਇਸ ਸ਼ਬਦ ਨੂੰ 'ਵਾਰਤਾ' ਨਾਲ ਜੋੜਿਆ ਹੈ। ਭਾਵ ਇਹ ਹੈ ਕਿ ਵਾਰ ਸ਼ਬਦ ਦੀ ਉਤਪਤੀ ਤਾਂ ਵਧੇਰੇ ਵਿਦਵਾਨਾਂ ਨੇ 'ਵਾਰ' ਦੀ ਧਾਤੂਤੋਂ ਹੀ ਮੰਨੀ ਹੈ।"[6]ਇਸ ਦੇ ਅਰਥ ਕਈ ਤਰ੍ਹਾਂ ਕੀਤੇ ਹਨ ਪਰ ਇਹ ਸਪਸ਼ਟ ਹੈ ਕਿ ਵਾਰ ਪੰਜਾਬੀ ਦਾ ਉਹ ਕਾਵਿ-ਰੂਪ ਹੈ ਜਿਸ ਦੁਆਰਾ ਪਉੜੀਆਂ ਵਿਚ ਕਿਸੇ ਯੁੱਧ ਕਥਾ ਜਾਂ ਜੰਗੀ ਵਾਰਤਾ ਦਾ ਵਰਣਨ ਕੀਤਾ ਗਿਆ ਹੋਵੇ। ਵਾਰ ਸਰੋਤਿਆਂ ਦਾ ਉਤਸ਼ਾਹ ਵਧਾਉਂਦੀ ਸੀ। ਇਸਨੂੰ ਢਾਡੀ ਪੇਸ਼ ਕਰਦੇ ਸਨ। ਵਾਰ ਭਾਵੇਂ ਮੁੱਖ ਤੌਰ 'ਤੇ ਬੀਰ ਰਸੀ ਰੂਪ ਵਿਚ ਸਾਹਮਣੇ ਆਈ ਪਰ ਪੰਜਾਬੀ ਵਿਚ ਕੇਵਲ ਬੀਰ ਰਸੀ ਵਾਰਾਂ ਹੀ ਨਹੀਂ, ਸਗੋਂ ਗੁਰਮਤਿ ਦੀਆਂ ਸ਼ਾਤ ਰਸੀ ਵਾਰਾਂ ਵੀ ਹਨ। ਇਸ ਲਈ ਜਦੋਂ ਅਸੀ ਵਾਰ ਦਾ ਕਾਵਿ ਸ਼ਾਸਤਰ ਵਿਚਾਰਦੇ ਹਾਂ ਤਾਂ ਦੋਨੋਂ ਤਰ੍ਹਾਂ ਦੀਆਂ ਵਾਰਾਂ ਦਾ ਕਾਵਿ-ਸ਼ਾਸਤਰ ਸਾਡੇ ਧਿਆਨ ਵਿਚ ਰਹਿੰਦਾ ਹੈ।ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ ਵਿਚ ਲਿਖਿਆ:- "ਯੁੱਧ ਸੰਬੰਧੀ ਕਾਵਿ ਉਹ ਰਚਨਾ ਜਿਸ ਵਿਚ ਸੂਰਬੀਰਤਾ ਦਾ ਵਰਣਨ ਹੋਵੇ, ਵਾਰ ਸ਼ਬਦ ਦਾ ਅਰਥ ਪਉੜੀ ਛੰਦ ਵੀ ਹੋਇਆ ਹੈ, ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜੱਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਰਤਾਰ ਦੀ ਮਹਿਮਾ ਭਰੀ ਬਾਣੀ ਜੋ ਪਉੜੀ ਛੰਦਾਂ ਨਾਲ ਸਲੋਕ ਮਿਲਾ ਕੇ ਲਿਖੀ ਗਈ ਹੈ ਵਾਰ ਨਾਮ ਤੋਂ ਪ੍ਰਸਿੱਧ ਹੈ।"[7]

ਸੋ ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਵਿਚ 'ਵਾਰ' ਸ਼ਬਦ ਦੇ ਮੁੱਖ ਤੌਰ 'ਤੇ ਸ਼ਾਬਦਿਕ ਅਰਥਾਂ ਵਿਚ ਵਾਰਤਾ, ਵਾਰੀਆਂ, ਵਾਹਰੂਆਂ ਦੇ ਵਾਰ ਕਰਨ ਅਤੇ ਵੈਰੀਆਂ ਦੇ ਹੋਏ ਵਾਰਾਂ ਨੂੰ ਰੋਕਣ ਆਦਿ ਦਾ ਮੁੜ-ਮੁੜ ਜ਼ਿਕਰ ਆਉਂਦਾ ਹੈ ਜਿਸ ਕਾਰਨ ਇਨ੍ਹਾਂ ਕਾਵਿ-ਰਚਨਾਵਾਂ ਦਾ ਨਾਮ 'ਵਾਰ' ਪੈ ਗਿਆ।

## 1.3 ਵਾਰ ਦੀ ਪਰਿਭਾਸ਼ਾ

'ਵਾਰ' ਸ਼ਬਦ ਦੇ ਅਰਥਾਂ ਉੱਪਰ ਵਿਸਥਾਰ ਸਹਿਤ ਚਰਚਾ ਕਰਨ ਤੋਂ ਪਿੱਛੋਂ ਹੁਣ ਅਸੀਂ ਵਿਦਵਾਨਾਂ ਦੁਆਰਾ ਇਸ ਰੂਪ ਦੀ ਨਿਸ਼ਚਿਤ ਕੀਤੀਆਂ ਪਰਿਭਾਸ਼ਾਵਾਂ ਬਾਰੇ ਚਰਚਾ ਕਰਾਂਗੇ ਤਾਂ ਕਿ ਇਸ ਪ੍ਰਸਿੱਧ ਰੂਪਾਕਾਰ ਦੇ ਸਾਹਿਤਕ ਸਰੂਪ ਨੂੰ ਉਲੀਕਿਆਂ ਕਾ ਸਕੇ।

ਡਾ. ਗੰਡਾ ਸਿੰਘ ਦਾ ਮੱਤ ਹੈ ਅਨੁਸਾਰ"ਵਾਰ ਸ਼ਬਦ ਦਾ ਮੁੱਢ ਵ੍ਰਿ (ਸੰਸਕ੍ਰਿਤ) ਧਾਤੂ ਤੋ ਬਣਿਆ ਹੈ, ਜਿਸ ਤੋਂ ਕਿ ਭਾਵ "ਵਾਰੀ" ਜਾਂ "ਵੈਰੀ" (ਬਹਾਦਰ, ਦੁਸ਼ਮਣ) ਅਰਥਾਤ ਵਾਰ ਕਰਨ ਵਾਲਾ ਜਾ ਵਾਰ ਰੋਕਣ ਵਾਲਾ (ਕਿਸੇ ਦੂਸਰੇ ਉੱਤੇ ਹੱਲਾ ਕਰਨ ਲਈ। ਪਰਾਏ ਹੱਲੇ ਨੂੰ ਰੋਕਣ ਲਈ ਜਮ੍ਹਾਂ ਹੋਏ ਹੋਏ ਮਨੁੱਖਾਂ ਦਾ ਇਕੱਠ) ਯੁੱਧ ਜੰਗ ਇੱਕਲੇ ਬੰਦੇ ਦਾ ਕੰਮ ਤਾਂ ਨਹੀਂ ਹੁੰਦਾ।"[8]

ਡਾ. ਰਤਨ ਸਿੰਘ ਜੱਗੀ ਨੇ ਅਨੁਸਾਰ "ਸਾਹਿਤ ਕੋਸ਼" ਵਿਚ ਵਾਰ ਸ਼ਬਦ ਦੀ ਉਤਪਤੀ ਅਤੇ ਇਸਦੇ ਕਾਵਿ ਰੂਪ ਬਾਰੇ ਆਖਿਆ ਹੈ"ਵਾਰ ਸ਼ਬਦ ਸੰਸਕ੍ਰਿਤ ਦੇ 'ਵਾਰਣ' ਸ਼ਬਦ ਤੋਂ ਵਿਉਤਪਨ ਪ੍ਰਤੀਤ ਹੁੰਦਾ ਹੈ ਕਿਉਂਕਿ ਇਸ ਵਿਚ ਵਰਣਿਤ ਵਿਸ਼ੇ ਦਾ ਉਚਿਤ ਪ੍ਰਭਾਵ ਪਾਉਣ ਲਈ ਘਟਨਾਵਾਂ ਦਾ ਵਾਰ-ਵਾਰ ਉਲੇਖ ਹੁੰਦਾ ਹੈ। ਕਈਆਂ ਵਿਦਵਾਨਾਂ ਦਾ ਮਤ ਹੈ ਕਿ ਢਾਡੀ ਆਪਣੇ ਆਸਰਾ-ਦਾਤਿਆਂ ਦੇ ਵਾਰਾਂ (ਦਰਵਾਜ਼ਿਆਂ) 'ਤੇ ਜਾ ਕੇ ਉਨ੍ਹਾਂ ਦੀ ਅਤੇ ਉਨ੍ਹਾਂ ਦੀ ਕੁੱਲ-ਪਰੰਪਰਾ ਦੀ ਸਿਫ਼ਤ ਕਰਦੇ ਹਨ ਅਤੇ ਉਹ ਸਿਫ਼ਤ ਨਾਇਕ ਦੇ ਵੀਰ ਪੱਖ ਸੰਬੰਧ ਰੱਖਦੇ ਹੋਏ, 'ਵਾਰ' ਆਖਿਆ ਜਾਣ ਲੱਗ ਪਿਆ।"[9]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਉਹ ਕਵਿਤਾ ਜਿਹੜੀ ਪਉੜੀ ਛੰਦ ਵਿਚ ਰਚੀ ਜਾਵੇ।"[10]

ਬਾਵਾ ਬੁੱਧ ਸਿੰਘ ਅਨੁਸਾਰ "ਯੁੱਧ ਜਾ ਕਿਸੇ ਯੋਧੇ ਦੀ ਬਹਾਦਰੀ ਦੀ ਕਹਾਣੀ।"[11]

ਡਾ. ਬਨਾਰਸੀ ਜੈਨ ਅਨੁਸਾਰ"ਵਾਰ' ਦਾ ਮਤਲਬ ਏ ਕਿਸੇ ਬਹਾਦਰ ਜਾਂ ਸ਼ਹੀਦ ਦੀ ਸਿਫ਼ਤ 'ਚ ਲਿਖੀ ਗਈ ਕਵਿਤਾ। ਵਾਰਾਂ ਨੂੰ ਪਉੜੀਆਂ ਵਿਚ ਬਣਾਉਂਦੇ ਸਨ।"[12]

ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ "ਕੋਸ਼ ਮਜੂਬ ਵਾਰ ਦੇ ਮਅਨੇ ਨੇ ਹਮਲਾ। ਵੀਰ ਰਸ ਵਾਲੀ ਕਵਿਤਾ ਜੀਹਦੇ 'ਚ ਕਿਸੇ ਯੋਧੇ ਦੀ ਬਹਾਦਰੀ ਦੀ ਸਿਫ਼ਤ ਕੀਤੀ ਗਈ ਹੋਵੇ ਜਿਵੇਂ ਨਾਦਰ ਦੀ ਵਾਰ " ਜੈਮਲ ਦੀ ਵਾਰ" ਅਤੇ "ਚੰਡੀ ਦੀ ਵਾਰ।"[13]

ਅਬਦੁਲ ਗਫੂਰ ਕੁਰੈਸ਼ੀ ਅਨੁਸਾਰ"ਪੰਜਾਬੀ ਵਿਚ ਜੰਗਨਾਮੇ ਜਾਂ ਜੰਗੀ ਨਜ਼ਮ ਨੂੰ 'ਵਾਰ' ਆਖਿਆਂ ਗਿਆ ਹੈ। ਉਂਞ ਵਾਰ ਵਿਚ ਕਿਸੇ ਬਹਾਦਰ ਦੀ ਬਹਾਦਰੀ ਉਤੋਂ ਸਦਕੇ ਵਾਰੀ ਜਾਵਣ ਦਾ ਕੋਈ ਕਿੱਸਾ ਕਹਾਣੀ ਹੁੰਦਾ ਏ। ਇਸਦੀ ਭਾਸ਼ਾ ਖੜਕੇ ਦੜਕੇ ਵਾਲੀ ਹੁੰਦੀ ਹੈ। ਵਾਰ ਦਾ ਮਜ਼ਮੂਨ ਦੇਸ, ਕੌਮ ਜਾਂ ਮਜ਼ਹਬ ਦੇ ਪਿਆਰ ਦੇ ਜਜ਼ਬਾਤ ਨਾਲ ਭਰਿਆ ਹੁੰਦਾ ਹੈ।"[14]

ਡਾ. ਕਰਨੈਲ ਸਿੰਘ ਥਿੰਦ ਅਨੁਸਾਰ "ਸ਼ੁਰੂ ਵਿਚ ਵਾਰ ਤੋਂ ਭਾਵ ਅਜੇਹੀ ਵਾਰਤਾ ਤੋਂ ਲਿਆ ਜਾਂਦਾ ਸੀ ਜਿਸ ਵਿਚ ਸੂਰਮਿਆਂ ਦੇ ਯੁੱਧਾ ਵਿਚ ਬੀਰਤਾ ਭਰੇ ਕਾਰਨਾਮੇ ਵਿਸ਼ੇਸ਼ ਢੰਗ ਨਾਲ ਗਾਇਨ ਕੀਤੇ ਗਏ ਹੋਣ। ਏਸ ਰੂਪ ਦੀ ਲੋਕ ਪ੍ਰਿਯਤਾ ਤੋਂ ਪ੍ਰੇਰਿਤ ਹੋ ਕੇ ਅਧਿਆਤਮਿਕ ਅਥਵਾ ਧਾਰਮਕ ਵਿਸ਼ਿਆਂ ਲਈ ਵਾਰ ਨੂੰ ਅਪਣਾ ਲਿਆ ਗਿਆ।"[15]

ਬਨਾਰਸੀ ਦਾਸ ਜੈਨ ਅਨੁਸਾਰ"ਵਾਰ ਦੇ ਇਕ ਮਿਸਰੇ ਨੂੰ ਪਉੜੀ ਆਖਦੇ ਨੇ।"[16]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ "ਪਉੜੀ' ਵਾਰ ਪਰੰਪਰਾ ਦਾ ਨਿਯਤ ਕੀਤਾ ਇਕ ਆਵੱਸ਼ਕ ਛੰਦ ਹੈ, ਏਸ ਤੋਂ ਬਿਨਾਂ ਯੁੱਧ ਕਥਾ ਦੇ ਹੁੰਦਿਆ ਸੁੰਦਿਆਂ ਕੋਈ ਰਚਨਾ ਵਾਰ ਨਹੀਂ ਕਹੀ ਜਾਂਦੀ। ਪਉੜੀ ਵਾਰ ਦਾ ਪਿੰਡਾ ਹੈ ਤੇ ਯੁੱਧ ਕਥਾ ਏਸ ਦੀ ਰੂਹ।"[17]

ਪ੍ਰੋ. ਆਤਮਾ ਸਿੰਘ ਅਨੁਸਾਰ "ਵਾਰ ਉਸ ਕਾਵਿ-ਰੂਪ ਨੂੰ ਕਿਹਾ ਜਾਂਦਾ ਹੈ ਜੋ ਕਿ ਬੜੇ ਉਤਸ਼ਾਹ ਸਹਿਤ ਬਾਹਰਮੁਖੀ ਮੁਠਭੇੜ, ਜਦੋ-ਜਹਿਦ ਜਾ ਸੰਘਰਸ਼ ਨੂੰ ਅਜਿਹੀ ਖ਼ੂਬੀ ਅਤੇ ਪ੍ਰਬੀਨਤਾ ਨਾਲ ਚਿਤਰੇ, ਉਲੀਕੇ 'ਤੇ ਬਿਆਨੇ ਕਿ ਪੜ੍ਹਨ ਸੁਣਨ ਵਾਲੇ ਪਾਠਕ ਜਾਂ ਸਰੋਤੇ ਦੀਆਂ ਅੱਡੀ ਤੋਂ ਚੋਟੀ ਤੱਕ ਠੰਡੀਆਂ ਨਾੜਾਂ ਵਿਚ ਖ਼ੂਨ ਉਬਾਲੇ ਖਾਣ ਲੱਗ ਪਵੇ ਅਤੇ ਉਸ ਅੰਦਰ ਇਕ ਨਵੀਂ ਜਾਗ੍ਰਿਤੀ ਦਾ ਹਿੰਮਤ ਦਾ, ਹੌਸਲੇ ਦਾ ਸੰਚਾਰ ਪ੍ਰਸਾਰ, ਉਤੇਜਿਤ 'ਤੇ ਉਤਸ਼ਾਹਿਤ ਹੋ ਜਾਂਵੇ।"[18]

ਸੋ ਉਪਰੋਕਤ ਚਰਚਾ ਤੋਂ ਬਾਅਦ ਸਾਨੂੰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਸਾਹਿਤ ਵਿਚ ਵਾਰ ਉਸ ਕਾਵਿ-ਰੂਪ ਨੂੰ ਕਿਹਾ ਜਾਂਦਾ ਹੈ। ਜਿਸ ਦਾ ਪਉੜੀਆਂ ਵਿਚ ਕਿਸੇ ਯੁੱਧ ਕਥਾ ਜਾਂ ਜੰਗੀ ਵਾਰਤਾ ਦਾ ਵਰਣਨ ਕੀਤਾ ਗਿਆ ਹੋਵੇ। ਪਉੜੀ ਨੂੰ ਵਾਰ ਦਾ ਪਿੰਡਾ ਕਿਹਾ ਜਾਂਦਾ ਹੈ। ਦੋਹਾਂ ਦੇ ਸੁਮੇਲ ਨਾਲ ਹੀ ਵਾਰ ਦੀ ਅਸਲ ਸਿਰਜਨਾ ਹੁੰਦੀ ਹੈ ਵਾਰ ਦਾ ਪਉੜੀਆਂ ਵਿਚ ਰਚੇ ਜਾਣਾ ਜ਼ਰੂਰੀ ਹੈ ਅਤੇ ਯੁੱਧ ਕਥਾ ਇਸਦੀ ਰੂਹ ਹੁੰਦੇ ਹਨ। ਵਾਰ ਵਿਚ ਅੰਤਰਮੁਖੀ ਜਾਂ ਬਾਹਰਮੁਖੀ ਸੰਘਰਸ਼ ਦਾ ਹੋਣਾ ਲਾਜ਼ਮੀ ਹੈ। ਵਾਰ ਬੀਰ-ਰਸੀਹੋਣ ਦੇ ਨਾਲ-ਨਾਲ ਅਧਿਆਤਮਕ ਤੇ ਧਾਰਮਕ ਵੀ ਹੋਣੀ ਚਾਹੀਦੀ ਹੈ। "ਵਾਰ ਦੇ ਇੱਕ ਮਿਸ਼ਰੇ ਨੂੰ ਪਉੜੀ ਆਖਦੇ ਹਨ। ਵਾਰ ਪਉੜੀ ਵਿਚ ਹੀ ਲਿਖੀ ਜਾਂਦੀ ਹੈ। ਸੋ ਵਾਰ ਪਉੜੀਆਂ ਤੋਂ ਬਿਨਾਂ ਨਹੀਂ ਹੋ ਸਕਦੀ। ਜਦਕਿ ਪਉੜੀਆਂ ਵਾਰ ਤੋਂ ਬਿਨਾਂ ਹੋ ਸਕਦੀਆਂ ਹਨ।

## 1.4 ਵਾਰ ਦਾ ਸਰੂਪ

ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਤੋਂ ਕੁਝ ਲੱਛਣ ਸਾਡੇ ਸਾਹਮਣੇ ਆਉਂਦੇ ਹਨ। ਉਹ ਵਾਰ ਦੀ ਰਚਨਾ ਦੇ ਸਰੂਪ ਨੂੰ ਨਾਲੋ-ਨਾਲ ਨਿਸ਼ਚਿਤ ਕਰ ਰਹੇ ਪ੍ਰਤੀਤ ਹੁੰਦੇ ਹਨ। ਇਨ੍ਹਾਂ ਲੱਛਣਾਂ ਦੇ ਆਧਾਰ 'ਤੇ ਕਾਵਿ-ਰੂਪ ਨੂੰ ਵਾਰ ਦਾ ਨਾਮ ਦਿੱਤਾ ਜਾਂਦਾ ਹੈ। ਜਦੋਂ ਅਸੀ ਵਾਰ ਦੀ ਬਣਤਰ ਦੇਖਦੇ ਹਾਂ ਤਾਂ ਇਸਦੇ ਕੁਝ ਪਛਾਣ ਚਿੰਨ੍ਹ ਸਾਡੇ ਸਾਹਮਣੇ ਆਉਂਦੇ ਹਨ। ਜੋ ਇਸ ਪ੍ਰਕਾਰ ਹਨ

### 1.4.1 **ਮੰਗਲਾਚਰਣ**:-

ਮੰਗਲਾਚਰਣ ਨੂੰ ਅਸੀਂ ਵਾਰ ਦਾ ਪਹਿਲਾ ਲੱਛਣ ਮੰਨਦੇ ਹਾਂ ਜਿਸ ਵਿਚ ਵਾਰ ਰਚਣ ਵਾਲਾ ਆਪਣੇ ਪੀਰ ਪੈਗੰਬਰ ਇਸ਼ਟ ਦੀ ਵਡਿਆਈ, ਅਰਾਧਨਾ ਕਰਦਾ ਹੈ। ਵਾਰ ਦੇ ਸ਼ੁਰੂਆਤ ਵਿਚ ਹੀ ਕਵੀ ਵੱਲੋਂ ਸੰਜਮ ਬ੍ਰਹਮ ਦੀ ਸਿਫ਼ਤ ਤੇ ਸਰਬ ਵਿਆਪਕਤਾ ਦੀ ਭਰਪੂਰ ਜਸ ਗਾਏ ਜਾਂਦੇ ਹਨ

"ਬਲਿਹਾਰੀਗੁਰੂ ਆਪਣੇ ਦਿਉਹਾੜੀ ਸਦਵਾਰ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ॥ "[19]

ਵਾਰਕਾਰ ਅਜਿਹਾ ਭਾਵ ਵਿਸ਼ਵਾਸਯੋਗ ਅਦਿੱਖ ਸ਼ਕਤੀ ਅੱਗੇ ਇਸ ਲਈ ਕਰਦਾ ਹੈ ਤਾਂ ਕਿ ਉਸਦਾ ਆਰੰਭਿਆ ਹੋਇਆ ਕਾਰਜ ਬਿਨ੍ਹਾਂ ਰੁਕਾਵਟ ਦੇ ਪੂਰਾ ਹੋ ਸਕੇ।

### 1.4.2 **ਉਥਾਨਿਕਾ**:-

ਇਸ ਵਿਚ ਵਾਰਕਾਰ ਕਥਾਨਕ ਦੀ ਭੂਮਿਕਾ ਬੰਨ੍ਹਦਾ ਹੈ। ਜੋ ਵੀ ਪੇਸ਼ ਕੀਤੀ ਜਾਣ ਵਾਲੀ ਘਟਨਾ, ਲੜਾਈ ਦਾ ਪਿਛੋਕੜ ਬਿਆਨ ਕਰਦਾ ਹੈ। ਇਸ ਨੂੰ ਇਕ ਤਰ੍ਹਾਂ ਦੀ ਆਧਾਰ-ਭੂਮੀ ਵੀ ਕਹਿ ਸਕਦੇ ਹਾਂ। ਜਿਸ ਉੱਪਰ ਵਾਰਕਾਰ ਆਪਣੀ ਰਚਨਾ ਰੂਪੀ ਮੰਜ਼ਿਲ ਉਸਾਰਦਾ ਹੈ। ਕਈ ਇਸ ਨੂੰ ਵਾਰ ਦੇ ਅੰਤ ਵਿਚ ਮਹਾਤਮ ਦੇ ਰੂਪ ਵਿਚ ਲਿਖਦੇ ਹਨ ਇਹ ਵਾਰ ਦਾ ਸ਼ੰਕਾ ਪੱਖ ਹੈ। ਜਿਵੇਂ:

"ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥

ਫੇਰ ਨਾ ਜੂਨੀ ਆਇਆ ਜਿਨ ਇਹ ਗਾਇਆ॥ "[20]

### 1.4.3 **ਟੱਕਰ ਜਾਂ ਸੰਘਰਸ਼**:-

ਸੰਘਰਸ਼ ਨੂੰ ਵਾਰ ਦਾ ਪ੍ਰਮੁੱਖ ਲੱਛਣ ਮੰਨਿਆਂ ਜਾਂਦਾ ਹੈ। ਇਸ ਤੋਂ ਬਿਨਾਂ ਵਾਰ ਹੋਂਦ ਵਿਚ ਨਹੀਂ ਆ ਸਕਦੀ। ਟੱਕਰ ਜਾਂ ਸੰਘਰਸ਼ ਦੀ ਗੱਲ ਅਸੀਂ ਸਿਰਫ਼ ਬੀਰ-ਰਸੀ ਕਾਵਿ ਵਿਚ ਨਹੀਂ ਕਰ ਸਕਦੇ ਸਗੋਂ ਇਹ ਅਧਿਆਤਮਿਕ ਵਾਰ ਉੱਪਰ ਵੀ ਲਾਗੂ ਹੁੰਦੀ ਹੈ। ਆਮ ਤੌਰ 'ਤੇ ਦੇਖਿਆਂ ਜਾਵੇ ਤਾਂ ਅਧਿਆਤਮਿਕ ਵਾਰ ਵਿਚ ਜਿਹੜਾ ਨਾਇਕ ਪ੍ਰਮਾਤਮਾ ਹੁੰਦਾ ਹੈ। ਧਾਰਮਿਕ ਵਾਰਾਂ ਵਿਚ ਟੱਕਰ ਜਾਂ ਸੰਘਰਸ਼ ਗੁਰਮੁਖ ਅਤੇ ਮਨਮੁਖ ਦਾ ਹੀ ਦਰਸਾਇਆ ਗਿਆ ਹੈ। ਜਿਸ ਵਿਚ ਨੇਕੀ ਤੇ ਬੇਦੀ ਦੀ ਟੱਕਰ ਹੁੰਦੀ ਹੈ।

### 1.4.4 **ਨਾਇਕ ਤੇ ਪ੍ਰਤਿਨਾਇਕ**:-

ਇਹ ਵੀ 'ਵਾਰ' ਦਾ ਪ੍ਰਮੁੱਖ ਲੱਛਣ ਹੈ ਵਾਰ ਦਾ ਉਦੇਸ਼ ਬੀਰ-ਰਸੀ ਨਿਸ਼ਪੱਤੀ ਅਤੇ ਸਰੋਤਿਆਂ ਵਿਚ ਇਸ ਭਾਵਨਾ ਨੂੰ ਜਗਾਉਣਾ ਹੈ ਵਾਰ ਵਿਚ ਨਾਇਕ ਪ੍ਰਤਨਾਇਕ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਨਾਇਕ ਅਤੇ ਪ੍ਰਤਿਨਾਇਕ ਦੀ ਟੱਕਰ ਦਾ ਪ੍ਰਤਿਪਾਦਨ ਕੀਤਾ ਜਾਂਦਾ ਹੈ। ਅਧਿਆਤਮਿਕ ਵਾਰਾਂ ਵਿਚ ਤੇ ਧਾਰਮਿਕ ਵਾਰਾਂ ਵਿਚ ਨਾਇਕ ਪ੍ਰਮਾਤਮਾ ਜਾਂ ਗੁਰੂ ਅਵਤਾਰ ਨੂੰ ਬਣਾਇਆ ਜਾਂਦਾ ਹੈ। ਇੱਥੇ ਨਾਇਕ ਪ੍ਰਮਾਤਮਾ ਹੁੰਦਾ ਹੈ ਤੇਪ੍ਰਤਿਨਾਇਕ(ਖਲਨਾਇਕ) ਪੱਖ ਦੀ ਪੂਰਤੀ ਸਮਾਜਕ ਧਾਰਮਿਕ ਆਦਿ ਅਸੂਲਾਂ ਦੇ ਪ੍ਰਭਾਵ ਆਦਿ ਬਣਦੇ ਹਨ। ਪ੍ਰਤਿਨਾਇਕ ਪੱਖ ਦੀ ਵੀ ਬਹਾਦਰੀ ਦਰਸਾਈ ਜਾਂਦੀ ਹੈ।

### 1.4.5 **ਪਉੜੀ**:-

ਪਉੜੀ ਵਾਰ ਦਾ ਲਾਜ਼ਮੀ ਚਰਣ-ਪ੍ਰਬੰਧ ਹੈ। ਵਾਰ ਹਮੇਸ਼ਾ ਪਉੜੀਆਂ ਵਿਚ ਲਿਖੀ ਜਾਂਦੀ ਹੈ। ਇਸ ਤੋਂ ਬਿਨ੍ਹਾਂ ਕੋਈ ਰਚਨਾ ਵਾਰ ਅਖਵਾ ਹੀ ਨਹੀਂ ਸਕਦੀ। ਇੰਝ ਪਉੜੀ ਵਾਰ ਦਾ ਪਿੰਡਾ ਹੈ ਤੇ ਯੁੱਧ-ਕਥਾ ਰੂਹ। ਅਸਲ ਵਾਰ ਦੋਹਾਂ ਦੇ ਮੇਲ ਨਾਲ ਬਣਦੀ ਹੈ। ਪਉੜੀ ਬਿਨਾਂ ਕੀਤੀ ਗਈ ਕਿਸੇ ਜੰਗੀ ਕਾਵਿ-ਰਚਨਾ ਨੂੰ ਵਾਰ ਨਹੀਂ ਕਿਹਾ ਜਾ ਸਕਦਾ। ਵਾਰ ਦਾ ਪਉੜੀ ਵਿਚ ਹੋਣਾ ਇਸ ਲਈ ਜ਼ਰੂਰੀ ਹੈ ਕਿ ਪਉੜੀ ਬਹਿਰ ਵਿਚ ਯੁੱਧ-ਕਥਾ ਨੂੰ ਪੇਸ਼ ਕਰਨ ਲਈ ਲੋੜ ਮੁਤਾਬਕ ਫੁਰਤੀ ਤੇ ਲਚਕ ਆ ਜਾਂਦੀ ਹੈ। "ਇਹ ਇਕੋ ਇਕ ਪਉੜੀ (ਬਹਿਰ) ਹੀ ਹੈ, ਜੋ ਰਣ ਭੂਮੀ ਵਿਚ ਲੜ ਰਹੇ ਸੂਰਬੀਰਾਂ, ਤੇਜ ਚਲ ਰਹੀਆਂ ਬਿਜਲਈ ਤੇਗਾ, ਸ਼ੂੰ-ਸ਼ੂੰ ਕਰਦੇ ਤੀਰਾਂ, ਕਾੜ-ਕਾੜ ਵਜਦੀਆਂ ਗੋਲੀਆਂ 'ਤੇ ਧੌਂਸਿਆਂ, ਨਗਾਰਿਆਂ ਅਤੇ ਮਾਰੂ ਵਾਜਿਆਂ ਦੀਆਂ ਗੁੰਜਾਰਾਂ ਨੂੰ ਪੇਸ਼ ਕਰ ਸਕਦਾ ਹੈ।

"ਦੁਹਾ ਕੰਧਾਰਾ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ॥

ਰਾਕਸ ਆਏ ਰੋਹਲੇ ਤਰਵਾਰੀ ਬਖਤਰ ਸੱਜੇ॥

ਜੁਟੇ ਸਉਹੇ ਜੁਧ ਨੋਂ ਇਕ ਜਾਤਿ ਨ ਜਾਨਣਿ ਭੱਜੇ॥

ਖੇਤ ਅੰਦਰਿ ਜੋਧੇ ਗੱਜੇ॥ "[21]

### 1.4.6 **ਜੱਸ**:-

ਇਹ ਵਾਰ ਦਾ ਅਗਲਾ ਮੁੱਖ ਲੱਛਣ ਹੈ। ਜਿਸ ਤਰ੍ਹਾ ਬੀਰ-ਰਸੀ ਵਾਰਾਂ ਬਹਾਦਰ ਵਿਅਕਤੀ ਦੀ ਭਰਪੂਰ ਸ਼ਲਾਘਾ ਕਰਦੀਆਂ ਹਨ। ਉਸੇ ਤਰ੍ਹਾਂ ਅਧਿਆਤਮਿਕ ਵਾਰਾਂ ਵਿਚ ਕਿਸੇ ਵਿਸ਼ੇਸ਼ ਵਿਅਕਤੀ ਦੀ ਥਾਂ 'ਤੇ ਪ੍ਰਮਾਤਮਾ

ਦਾ ਜੱਸ ਕਰਦੀਆਂ ਹਨ। "ਜੱਸ ਤੋਂ ਭਾਵ ਫੋਕੀ ਵਡਿਆਈ ਨਹੀਂ ਕਰਨੀ ਸਗੋਂ ਵਾਰ ਦਾ ਹੂ-ਬ-ਹੂ ਪ੍ਰਦਰਸ਼ਨ ਕਰਕੇ ਪਾਠਕਾਂ ਸਰੋਤਿਆਂ ਦੇ ਮਨਾਂ ਅੰਦਰ ਸ਼ਰਧਾ ਭਰਿਆ ਪਿਆਰ ਅਤੇ ਸਤਿਕਾਰ ਪੈਦਾ ਕਰਨਾ ਹੈ। ਵਾਰ ਵਿਚ ਨਾਇਕ ਤੇ ਪ੍ਰਤਿਨਾਇਕ ਦੋਵਾਂ ਦੇ ਜੱਸ ਗਾਏ ਜਾਂਦੇ ਹਨ। ਚੰਡੀ ਦੀ ਵਾਰ ਵਿਚ ਗੁਰੂ ਜੀ ਨੇ ਦੁਰਗਾ ਨੂੰ ਬੜੀ ਸ਼ਕਤੀਸ਼ਾਲੀ ਦਿਖਾਇਆ ਹੈ, ਜਿਸ ਨੇ ਲੱਖਾਂ ਦੈਂਤਾਂ ਦੇ ਆਹੂ ਲਾਹ ਦਿੱਤੇ ਹਨ। ਜਿਥੇ ਗੁਰੂ ਜੀ ਨੇ ਦੁਰਗਾ ਦੀ ਬੀਰਤਾ ਦੀ ਉਪਮਾ ਕੀਤੀ ਹੈ। ਉਥੇ ਪ੍ਰਤਨਾਇਕ ਦੈਂਤਾਂ ਦੀ ਸੂਰਬੀਰਤਾ ਦਾ ਵੀ ਵਰਣਨ ਕੀਤਾ ਹੈ

### 1.4.7 **ਕਾਵਿ-ਨਿਆਂ**:-

ਕਾਵਿ-ਨਿਆਂ ਵਾਰ ਦਾ ਉਹ ਗੁਣ ਹੈ ਜੋ ਕਿਸੇ ਵਾਰ ਰਚਨਾ ਵਿਚ ਪੇਸ਼ ਨਾਇਕ ਤੇ ਪ੍ਰਤਿਨਾਇਕਧਿਰਾਂ ਨਾਲ ਇਕੋ ਜਿਹਾ ਨਿਆਂ ਕਰਨ ਲਈ ਰਚਨਾਕਾਰ ਨੂੰ ਪ੍ਰੇਰਿਤ ਕਰਦਾ ਹੈ। ਵਾਰ ਵਿਚ ਕਾਵਿ ਨਿਆਂ ਵੀ ਜ਼ਰੂਰ ਹੋਣਾ ਚਾਹੀਦਾ ਹੈ। ਇਹ ਗੁਣ ਦੋਹਾਂ ਧਿਰਾਂ ਨੂੰ ਬਰਾਬਰ ਦੇ ਸੂਰਬੀਰ, ਯੋਧਾ ਅਤੇ ਤਾਕਤਵਰ ਦਰਸਾਉਂਦਾ ਹੈ। ਇਸ ਲਈ ਵਾਰ ਰਚਨਾ ਲਈ ਇਹ ਜ਼ਰੂਰੀ ਮੰਨਿਆ ਜਾਂਦਾ ਹੈ ਕਿ ਵਾਰਕਾਰ ਦੋਹਾਂ ਧਿਰਾਂ ਨਾਲ ਬਰਾਬਰ ਦਾ ਨਿਆਂ ਕਰੇ ਅਤੇ ਉਨ੍ਹਾਂ ਨੂੰ ਇਕੋ ਜਿਹਾ ਤਾਕਤਵਰ ਸੂਰਬੀਰ ਦਰਸਾਵੇ।

### 1.4.8 **ਦ੍ਰਿਸ਼ ਦਾ ਵਰਣਨ**:-

ਵਾਰ ਕਾਵਿ ਰੂਪ ਦੇ ਭਾਵ ਇਕ ਸੂਰਮੇ ਦੇ ਜਲਾਲੀ ਚਿਹਰੇ ਵਾਂਗ ਦਗ-ਦਗ ਕਰਦੇ ਹੋਣੇ ਚਾਹੀਦੇ ਹਨ। ਇਸ ਸਭ ਨਾਲ ਬਹਾਦਰ ਹਿਰਦਿਆਂ ਨੂੰ ਉਤਸ਼ਾਹ ਤੇ ਕਾਇਰਾਂ ਨੂੰ ਡਰ ਆਉਂਦਾ ਹੈ। ਸ਼ਬਦਾਵਲੀ ਅਨੁਸਾਰ ਦ੍ਰਿਸ਼ ਵਰਣਨ ਅਜਿਹਾ ਕੀਤਾ ਹੋਵੇ। ਜਿਸ ਨਾਲ ਪਾਠਕਾਂ ਸਰੋਤਿਆਂ ਦੀਆ ਅੱਖਾਂ ਸਾਹਮਣੇ ਜੰਗ ਯੁੱਧ ਦਾ ਅਦਭੁਤ ਨਜ਼ਾਰਾ ਪੇਸ਼ ਹੁੰਦਾ ਹੋਵੇ। ਯੁੱਧ ਦੇ ਮੈਦਾਨ ਵਿਚ ਭਿਆਨਕ ਤੇ ਡਰਾ ਦੇਣ ਵਾਲੇ ਦ੍ਰਿਸ਼ ਬੀਰ-ਰਸੀ ਵਾਰ ਦੀ ਵਿਸ਼ੇਸ਼ਤਾ ਹੁੰਦੇ ਹਨ ਜਿਵੇਂ ਸੂਰਮਿਆਂ ਦੀ ਸ਼ੇਰਾਂ ਤੇ ਬੱਦਲਾਂ ਵਰਗੀ ਗਰਜ਼, ਸੰਖ ਨਗਾਰੇ ਦੀ ਗੂੰਜ, ਲਹੂ ਨਾਲ ਰੰਗੀਆ ਚਲਦੀਆਂ ਤਲਵਾਰਾਂ, ਵੱਢੇ ਹੋਏ ਸਿਰ, ਬੀਰਾਂ ਦੀ ਚੜ੍ਹਦੀ ਹੋਈ ਕਲਾ ਵਾਲੇ ਦ੍ਰਿਸ਼ ਦੀ ਪੇਸ਼ਕਾਰੀ ਵਾਰ ਦੀ ਸ਼ਬਦਾਵਲੀ ਵਿਚ ਹੋਣੀ ਜ਼ਰੂਰੀ ਹੈ।

### 1.4.9 **ਰਸ**:-

ਸਾਹਿਤ ਦੇ ਪੜ੍ਹਨ-ਸੁਣਨ ਨਾਲ ਜੋ ਸੁਹਜ-ਸੁਆਦ ਆਓਂਦਾ ਹੈ ਉਹ 'ਰਸ' ਅਖਵਾਉਂਦਾ ਹੈ।ਰਸ ਤੋਂ ਬਿਨ੍ਹਾਂ ਕੋਈ ਵੀ ਸਾਹਿਤ ਅਸਲ ਸਾਹਿਤ ਨਹੀਂ ਹੋਵੇਗਾ ਭਾਰਤ ਮੁਨੀ ਤੇ ਹੋਰ ਰਸਵਾਦੀ ਆਚਾਰੀਆ ਨੇ ਰਸ ਨੂੰ

'ਕਾਵਿ ਦੀ ਆਤਮਾ' ਸਵੀਕਾਰ ਕੀਤਾ ਅਤੇ ਬਾਕੀ ਕਾਵਿ ਤੱਤਾਂ ਨੂੰ ਗੌਣ ਤੇ ਅਪ੍ਰਧਾਨ ਮੰਨਿਆ ਹੈ। ਆਚਾਰਯ ਨੇ ਰਸਾਂ ਦੀਆਂ ਪ੍ਰਮੁੱਖ ਨੌ ਕਿਸਮਾਂ ਮੰਨੀਆਂ ਹਨ, ਜੋ ਇਸ ਪ੍ਰਕਾਰ ਹਨ :

1. ਸ਼ਿੰਗਾਰ ਰਸ (ਪ੍ਰੇਮ)
2. ਹਾਸ ਰਸ (ਖੁਸ਼ੀ)
3. ਕਰੁਣਾ ਰਸ (ਸ਼ੋਕ)
4. ਰੋਦਰ ਰਸ (ਕ੍ਰੋਧ)
5. ਬੀਰ ਰਸ (ਉਤਸ਼ਾਹ)
6. ਭਿਆਨਕਰਸ (ਭੈਅ)
7. ਵੀਭਤਸ ਰਸ (ਘ੍ਰਿਣਾ)
8. ਅਦੁਭਤ ਰਸ (ਵਿਸਮਯ)
9. ਸ਼ਾਤ ਰਸ (ਵੈਰਾਗ)"[22]

ਵਾਰ ਵਿਚ ਵੀਰ ਰਸ ਪ੍ਰਧਾਨ ਹੁੰਦਾ ਹੈ। ਪਰ ਅਧਿਆਤਮਿਕ ਵਾਰਾਂ ਵਿਚ ਸ਼ਾਤ ਰਸ ਦੀ ਪ੍ਰਧਾਨਤਾ ਹੁੰਦੀ ਹੈ। ਪ੍ਰੋ. ਪਿਆਰਾ ਸਿੰਘ ਨੇ ਸ਼ਿੰਗਾਰ ਤੇ ਬੀਰ ਰਸ ਨੂੰ 'ਰਸਾਂ' ਦਾ ਬਾਦਸ਼ਾਹ ਕਿਹਾ ਹੈ।

**1.4.10 ਅਲੰਕਾਰ:-**

ਭਾਰਤੀ ਕਾਵਿ-ਸ਼ਾਸਤਰ ਵਿਚ ਅਲੰਕਾਰਾਂ ਨੂੰ ਮੱਹਤਵਪੂਰਨ ਸਥਾਨ ਪ੍ਰਾਪਤ ਹੈ। ਅਲੰਕਾਰਾਂ ਨੂੰ ਕਾਵਿ ਦੀ ਆਤਮਾ ਵੀ ਮੰਨਿਆ ਜਾਂਦਾ ਹੈ। ਅਲੰਕਾਰ ਸੰਸਕ੍ਰਿਤੀ ਦਾ ਸ਼ਬਦ ਹੈ ਜੋ ਅਲੰ+ਕ੍ਰਿ ਧਾਤੂ ਤੋਂ ਬਣਿਆਂ ਹੈ। ਜਿਸ ਦਾ ਅਰਥ 'ਗਹਿਣਾ' ਅਲੰਕਾਰ ਸ਼ਬਦ ਦੀ ਵਿਆਖਿਆਂ ਵਿਚ ਕਿਹਾ ਗਿਆ ਹੈ ਕਿ ਕਿਸੇ ਵਸਤੂ ਨੂੰ ਜੋ ਸਜਾਉਂਦਾ ਹੈ ਉਹ ਅਲੰਕਾਰ ਹੈ। ਕਾਵਿ ਸੁੰਦਰਤਾ ਪੈਦਾ ਕਰਨ ਵਾਲੇ ਤੱਤ ਅਲੰਕਾਰ ਕਹਾਉਂਦੇ ਹਨ।ਮੁੱਖ ਰੂਪ ਵਿਚ ਤਿੰਨ ਅਲੰਕਾਰ ਹਨ: (1) ਸ਼ਬਦ, (2) ਅਰਥ, (3) ਸ਼ਬਦਾਰਥ ਅਲੰਕਾਰ।

ਵਾਰਾਂ ਵਿਚ ਅਲੰਕਾਰ ਦੀ ਵਰਤੋਂ ਵਿਸ਼ੇ ਨੂੰ ਸੋਹਣਾ, ਸਪੱਸ਼ਟ, ਸਰਲ, ਸੁਹਜ ਭਰਿਆ ਅਤੇ ਸੁੱਚਜਾ ਬਣਾਉਣ ਲਈ ਕੀਤੀ ਜਾਂਦੀ ਹੈ। ਅਧਿਆਤਮਕ ਵਾਰਾਂ ਵਿਚ ਅਨੁਪ੍ਰਾਸ ਅਲੰਕਾਰ ਹੁੰਦਾ ਹੈ ਜੋ ਕਿ ਸੁਆਦਲੀ ਸੁਰ ਪੈਂਦਾ ਕਰਦਾ ਹੈ।

**1.4.11 ਛੰਦ:-**

ਕਵਿਤਾ ਵਿਚ ਛੰਦ ਦਾ ਵਿਸ਼ੇਸ਼ ਸਥਾਨ ਹੈ। ਕਾਵਿ ਰਚਨਾ ਦੇ ਆਦਿ-ਕਾਲ ਤੋਂ ਛੰਦ ਦਾ ਕਵਿਤਾ ਨਾਲ ਬੜਾ ਨਿੱਘਾ ਸਬੰਧ ਰਿਹਾ ਹੈ, ਡਾ. ਬ੍ਰਹਮ ਜਗਦੀਸ਼ ਗੁਪਤ ਅਨੁਸਾਰ "ਅੱਖਰ, ਅੱਖਰਾਂ ਦੀ ਗਿਣਤੀ ਅਤੇ ਕ੍ਰਮ, ਮਾਤਰਾਵਾਂ ਦੀ ਗਿਣਤੀ ਅਤੇ ਬਿਸਰਾਮ-ਗੀਤ ਨਾਲ ਸਬੰਧਿਤ ਵਿਸ਼ੇਸ਼ ਨਿਯਮਾਂ ਤੇ ਲਿਖੀ ਪਦ-ਰਚਨਾ ਛੰਦ ਅਖਵਾਂਉਂਦੀ ਹੈ। ਛੰਦ ਕਵਿਤਾ ਦਾ ਸਰੀਰ ਹੈ ਤੇ ਜਿਸ ਤਰ੍ਹਾਂ ਕਿਸੇ ਵਿਅਕਤੀ ਨੂੰ ਉਸ ਦੇ ਸਰੀਰਕ ਰੂਪ ਵਿਚ

ਹੀ ਜਾਣਿਆਂ ਜਾ ਸਕਦਾ ਹੈ, ਕਵਿਤਾ ਦੀ ਜਾਣ-ਪਛਾਣ ਪਹਿਲਾਂ ਇਸ ਦੇ ਸਰੀਰ ਛੰਦ ਰਾਹੀਂ ਹੁੰਦੀ ਹੈ। ਲੋਕ ਕਾਵਿ-ਰੂਪ ਵਾਰ ਦੇ ਸੰਦਰਭ ਵਿਚ ਭਾਈ ਕਾਹਨ ਸਿੰਘ ਨਾਭਾ ਅਨੁਸਾਰ "ਪਉੜੀ ਨਾਮ ਬਿਸਰਾਮ ਦਾ ਹੈ ਇਸ ਛੰਦ ਵਿਚ ਵਾਰਾਂ ਰਚੀਂਦੀਆਂ ਹਨ।

## 1.5 ਵਾਰ ਦਾ ਵਿਕਾਸ ਪੱਖ

ਮੱਧਕਾਲ ਵਿਚ ਬੀਰ ਸਾਹਿਤ ਦੀ ਉਪਜ ਲਈ ਰਾਜਸਥਾਨ ਤੇ ਪੰਜਾਬ ਵਿਸ਼ੇਸ਼ ਕੇਂਦਰ ਰਹੇ ਹਨ। ਇਹ ਸਾਹਿਤ ਵਧੇਰੇ ਵਾਰਾਂ ਵਿਚ ਲਿਖਿਆ ਮਿਲਦਾ ਹੈ। ਵਾਰ ਸਾਹਿਤ ਦੀ ਰਚਨਾਕਾਰੀ ਵੱਲ ਜਰਾ ਨਜ਼ਰ ਮਾਰੀਏ ਤਾਂ ਬੀਰ ਸਾਹਿਤ ਵਿਚ ਕੁਝ 'ਰਾਸੋ ਗ੍ਰੰਥ' ਮਿਲਦੇ ਹਨ। ਰਾਸੋ ਕਾਵਿ ਦੇ ਪਰਿਪੇਖ ਵਿਚ ਪ੍ਰਿਥਵੀ ਰਾਜ ਰਾਸੋ ਦੇ ਬਚਪਨ ਦੇ ਮਿੱਤਰ 'ਤੇ ਵਿਸ਼ੇਸ਼ ਸਲਾਹਕਾਰ ਸਨ। ਚੰਦ ਬਰਦਾਈ ਪੰਜਾਬੀ ਸੀ ਤੇ ਲਾਹੌਰ ਦਾ ਰਹਿਣ ਵਾਲਾ ਸੀ ਪਰ ਚੰਦ ਬਰਦਾਈ ਦੀ ਰਚਨਾ ਉੱਪਰ ਵਧੇਰੇ ਰੰਗ ਹਿੰਦੀ ਭਾਸ਼ਾ ਦਾ ਹੈ। ਇਸ ਤੋਂ ਬਿਨਾਂ ਪੂਰਵ ਨਾਨਕ ਕਾਲ ਵਿਚ ਅਮੀਰ-ਖੁਸਰੋ ਦੁਆਰਾ 'ਤੁਗਲਕ-ਨਸਿਰੁਦੀਨ ਖਾਂ ਦੀ ਵਾਰ ਹੈ। ਜੋ ਪੰਜਾਬੀ ਵਿਚ ਰਚੀ ਗਈ ਪਰ ਇਹ ਉੱਪਲਬਧ ਨਹੀਂ ਹੈ। ਜਿਸ ਕਰਕੇ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਾਲੇ ਵਿਦਵਾਨਾਂ ਨੇ ਨੌਂ ਧੁਨੀ ਵਾਲੀਆਂ ਵਾਰਾਂ ਨੂੰ ਹੀ ਪੂਰਵ ਨਾਨਕ ਕਾਲ ਦੀ ਵੀਰ-ਰਸੀ ਰਚਨਾ ਮੰਨਿਆ ਹੈ।ਸਿੱਖ ਗੁਰੂਆਂ ਦੀਆਂ ਰਚੀਆਂ ਅਧਿਆਤਮਕ ਵਾਰਾਂ ਤੋਂ ਪਹਿਲਾਂ ਪੰਜਾਬ ਵਿਚ ਭਾਵੇਂ ਅਨੇਕਾਂ ਬੀਰ ਰਸੀ ਵਾਰਾਂ ਰਚੀਆਂ ਗਈਆ। ਪਰ ਹੋਰ ਬਹੁਤੇ ਮੱਧਕਾਲੀਨ ਸਾਹਿਤ ਵਾਂਗ ਉਹ ਸਾਡੇ ਤਕ ਪੁੱਜ ਨਹੀਂ ਸਕੀਆਂ, ਪੰਜਾਬ ਵਿਚ ਮਾਰ ਧਾੜ 'ਤੇ ਹਫੜਾ-ਦਫੜੀ ਕਾਰਣ ਅਨਿਸ਼ਚਤਤਾ ਦਾ ਵਾਤਾਵਰਣ ਬਣਿਆ ਰਿਹਾ। ਅਜੇਹੀ ਸਥਿਤੀ ਵਿਚ ਸਾਹਿਤ ਦਾ ਸੰਭਾਲਿਆਂ ਜਾਣਾ ਅਸਲੋਂ ਅਸੰਭਵ ਸੀ, ਉਹ ਵੀ ਫਿਰ ਭਾਸ਼ਾ ਦੇ ਸਾਹਿਤ ਦਾ ਜਿਸ ਦੀ ਸਰਕਾਰੇ ਦਰਬਾਰੇ ਕੋਈ ਪੁੱਛ ਪ੍ਰਤੀਤ ਨਹੀਂ ਸੀ। ਸਾਨੂੰ ਪੰਜਾਬੀ ਵਾਰ ਸਾਹਿਤ ਦਾ ਜੋ ਵੀ ਸਾਹਿਤਕ ਵਿਰਸਾ ਮਿਲਿਆਹੈ ਉਹ ਭੱਟ, ਜਾਂ ਢਾਡੀਆਂ ਦੀ ਬਦੌਲਤ ਹੈ। ਪੰਜਾਬ ਦੀ ਅਮੀਰ ਵਾਰ ਪਰੰਪਰਾ ਦੇ ਸੰਕੇਤ ਸਾਨੂੰ ਉਨ੍ਹਾਂ ਨੌਂ ਅਧੂਰੀਆਂ ਵਾਰਾਂਤੋਂ ਮਿਲਦੇ ਹਨ ਜਿਨ੍ਹਾਂ ਦੀਆਂ ਧੁਨੀਆਂ ਉੱਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀਆਂ ਅਧਿਆਤਮਕ ਵਾਰਾਂ ਉੱਤੇ ਗਾਉਣਾ ਨਿਸ਼ਚਤ ਕੀਤਾ ਗਿਆ ਹੈ। ਪਦਮ ਅਨੁਸਾਰ ਇਨ੍ਹਾਂ ਨੌਂ ਦੀਆਂ ਵਾਰਾਂ ਨੂੰ ਸਭ ਤੋਂ ਪਹਿਲਾ ਪੰਡਤ ਤਾਰਾ ਸਿੰਘ ਨਰੋਤਮ ਨੇ ਆਪਣੀ ਪੁਸਤਕ 'ਗੁਰਮਤਿ-ਨਿਰਯਣ ਸਾਗਰ ਵਿਚ ਬਿਆਨ ਕੀਤਾ ਹੈ ਜੋ ਇਸ ਪ੍ਰਕਾਰ ਹੈ:-

1. ਵਾਰ, ਰਾਇ ਕਮਾਲ ਮੋਜਦੀ ਦੀ ਕੀ - ਗਉੜੀ ਕੀ ਵਾਰ ਮਹਲਾ 5

2.ਵਾਰ, ਟੁੰਡੇ ਅਸਰਾਜੇ ਕੀ - ਆਸਾ ਦੀ ਵਾਰ ਮਹਲਾ 1

3.ਵਾਰ, ਸਿਕੰਦਰ ਬਿਰਾਹਿਮ ਕੀ - ਗੂਜਰੀ ਕੀ ਵਾਰ ਮਹਲਾ 3

4.ਰਾਇ ਹਸਨੇ ਮਹਿਮੇ ਕੀ - ਸਾਰੰਗ ਕੀ ਵਾਰ ਮਹਲਾ 4

5. ਵਾਰ, ਲਲਾ ਬਹਿਲੀਮਾ ਕੀ - ਵਡਹੰਸ ਕੀ ਵਾਰ ਮਹਲਾ 4

6. ਵਾਰ, ਮੂਸੇ ਕੀ - ਕਾਨੜੇ ਕੀ ਵਾਰ ਮਹਲਾ 1

7.ਵਾਰ, ਮੁਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ- ਮਾਝ ਕੀ ਵਾਰ ਮਹਲਾ 1

8.ਵਾਰ, ਜੋਧੇ ਵੀਰੈ ਪੂਰਬਾਣੀ ਕੀ -ਰਾਮਕਲੀ ਕੀ ਵਾਰ ਮਹਲਾ 3

9.ਵਾਰ, ਰਾਣੇ ਕੈਲਾਸ਼ ਤਥਾ ਮਾਲਦੇਉ ਕੀ - ਮਲਾਰ ਕੀ ਵਾਰ ਮਹਲਾ 1"[23]

ਕਿਸ ਵਾਰ ਨੂੰ ਧੁਨੀ 'ਤੇ ਗਾਇਆ ਜਾਣਾ ਹੈ, ਕੀ ਇਹ ਉਸ ਵਾਰ ਦੇ ਕਰਤਾ ਨੇ ਹੀ ਲਿਖ ਦਿੱਤਾ ਸੀ? ਇਸ ਬਾਰੇ ਨਿਸ਼ਚਿਤ ਤੌਰ ਤੇ ਤਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਇਹ ਧੁਨੀਆਂ ਦਰਜ ਕੀਤੀਆਂ ਸਨ। ਕੁਝ ਵਿਦਵਾਨਾਂ ਦਾ ਇਹ ਵੀ ਖ਼ਿਆਲ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ 'ਤੇ ਜਦੋਂ ਵਾਰਾਂ ਦੀ ਗਾਇਕੀ ਦੇ ਦੀਵਾਨ ਲਾਉਣੇ ਸ਼ੁਰੂ ਕੀਤੇ ਤਾਂ ਉਦੋਂ ਇਹ ਧੁਨੀਆਂ ਦਾ ਸੰਦੇਸ਼ ਸਾਹਮਣੇ ਆਇਆ। (ਡਾ, ਧਰਮ ਸਿੰਘ ਨੇ ਵੀ ਆਪਣੀ ਪੁਸਤਕ 'ਸਾਹਿਤ ਅਵਲੋਕਨ' ਵਿਚ ਇਸ ਗੱਲ ਵੱਲ ਸੰਕੇਤ ਕੀਤਾ ਹੋਇਆ ਹੈ)। ਗੱਲ ਕਿਤੋਂ ਵੀ ਆਰੰਭ ਹੋਈ ਹੋ ਸਕਦੀ ਹੈ, ਇਸ ਗੱਲ ਨੇ ਗੁਰੂ ਰਚਿਤ ਵਾਰਾਂ 'ਤੇ ਉਨ੍ਹਾਂ ਲੋਕ-ਵਾਰਾਂ ਵਿਚ ਇਕ ਰਿਸ਼ਤਾ ਕਾਇਮ ਕਰ ਦਿੱਤਾ।

ਇਹ ਸਾਰੀਆਂ ਵਾਰਾਂ ਵੀਰ ਰਸੀ ਹਨ। ਪਹਿਲੀਆਂ ਛੇ ਵਾਰਾਂ ਦੇ ਰਚਨ ਕਾਲ ਬਾਰੇ ਵੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਵਾਰਾਂ ਦੀ ਵਿਸ਼ੇਸ਼ ਮਹੱਤਤਾ ਹੈ ਕਿ ਇਨ੍ਹਾਂ ਤੋਂ ਤਤਕਾਲੀਨ ਸਮਾਜਕ ਤੇ ਰਾਜਸੀ ਜੀਵਨ ਬਾਰੇ ਕਈ ਸੰਕੇਤ ਮਿਲਦੇ ਹਨ। ਇਹ ਵਾਰਾਂ ਪਉੜੀਆਂ ਵਿਚ ਲਿਖੀਆਂ ਗਈਆਂ ਹਨ। ਜਿਨ੍ਹਾਂ ਦੀਆਂ ਤੁਕਾਂ ਦੀ ਗਿਣਤੀ 6 ਤੋਂ 10 ਤੱਕ ਹੈ। ਹਰ ਤੁਕ ਵਿਚ 25 ਜਾਂ 26 ਮਾਤਰਾਂ ਹਨ ਅਤੇ 15 ਜਾਂ 16 ਉੱਤੇ ਵਿਸ਼ਰਾਮ ਆਉਂਦਾ ਹੈ। ਕਵੀਆਂ ਨੇ ਪੌੜੀਆਂ ਨੂੰ ਬੜੀ ਨਿਪੁੰਨਤਾ ਨਾਲ ਬੰਨ੍ਹਿਆ ਹੈ। ਇਨ੍ਹਾਂ ਵਾਰਾਂ ਵਿਚ ਬੀਰ ਰਸ ਕਾਇਮ ਰਹਿੰਦਾ ਹੈ। ਲੜਾਈਆਂ ਦਾ ਵਰਣਨ ਅਤੇ ਨਾਇਕ ਦੀ ਸੂਰਬੀਰਤਾ ਨੂੰ ਬੀਰ ਰਸੀ ਸ਼ਬਦਾਵਲੀ ਵਿਚ ਬਿਆਨਿਆ ਗਿਆ ਹੈ। ਇਨ੍ਹਾਂ ਦੀ ਇਕ ਹੋਰ ਖ਼ੂਬੀ ਇਹ ਹੈ ਕਿ ਗੱਲ ਬੜੇ ਹੀ ਸੰਜਮ ਤੇ ਸੰਕੋਚ ਪਰ ਸਪੱਸ਼ਟ ਢੰਗ ਨਾਲ ਕਹੀ ਗਈ ਹੈ। ਬੀਰ ਰਸ ਦਾ ਇਹ ਨਮੂਨਾ ਵੇਖਣ ਯੋਗ ਹੈ:

"ਭਬਕਿਉ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ।

ਖ਼ਾਨ ਸੁਲਤਾਨ ਬਡ ਸੂਰਮੇਂ, ਵਿਚ ਰਣ ਦੇ ਗੱਜੇ।

ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ।

ਟਿੱਕਾ ਸਾਰੰਗ ਬਾਪ ਨੇ, ਦਿੱਤਾ ਭਰ ਲੱਜੇ।

ਫਤ੍ਹੇ ਪਾਈ ਅਸਰਾਜ ਜੀ, ਸ਼ਾਹੀ ਘਰ ਸੱਜੇ।"[24]

ਪਿਛਲੀਆਂ ਤਿੰਨ ਵਾਰਾਂ ਜ਼ਰੂਰ ਗੁਰੂ ਸਾਹਿਬਾਨ ਦੇ ਸਮੇਂ ਅਕਬਰ ਦੇ ਰਾਜ ਵਿਚ ਰਚੀਆਂ ਗਈਆਂ ਹਨ। ਇਹ ਵਾਰਾਂ ਸੋਲਵੀ ਸਦੀ ਦੇ ਲੋਕਾਂ ਵਿਚ ਕਾਫ਼ੀ ਮਕਬੂਲ ਸਨ। ਸ਼ਾਇਦ ਇਸੇ ਕਰਕੇ ਗੁਰੂ ਸਾਹਿਬਾਨ ਨੇ ਅਧਿਆਤਮਕ ਵਾਰਾਂ ਇਨ੍ਹਾਂ ਦੀ ਤਰਜ਼ ਉੱਤੇ ਗਾਉਣ ਦੀ ਤਾਕੀਦ ਕੀਤੀ। ਸਮੇਂ ਪੱਖੋਂ ਇਨ੍ਹਾਂ ਉਪਰੋਕਤ ਵਾਰਾਂ ਵਿਚੋਂ ਪਹਿਲੀਆ ਛੇ ਪੂਰਵ ਨਾਨਕ ਕਾਲ ਦੀਆ ਹਨ। "ਅੰਗਰੇਜ਼ੀ ਦੇ ਆਰੰਭਕ ਕਥਾ ਕਾਵਿ ਵਾਂਗ ਪੰਜਾਬੀ ਸਾਹਿਤ ਦੀਆਂ ਪਹਿਲੀਆਂ ਵਾਰਾਂ ਵੀ ਅਗਿਆਤ ਕਵੀਆ ਜਾਂ ਆਮਲੋਕਾਂ ਦੀਆਂ ਰਚਨਾਵਾਂ ਹਨ। ਗੁਰੂ ਨਾਨਕ ਦੇ ਸਮੇਂ ਤੋਂ ਪਹਿਲਾਂ ਦੀ ਕੋਈ ਵੀ ਅਜਿਹੀ ਵਾਰ ਰਚਨਾ ਨਹੀਂ ਮਿਲਦੀ ਜਿਸ ਦੇ ਲੇਖਕ ਬਾਰੇ ਸਾਨੂੰ ਪਤਾ ਹੋਵੇ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਮਾਝ ਦੀ ਵਾਰ' ਨੂੰ ਪੰਜਾਬੀ ਸਾਹਿਤ ਪਰੰਪਰਾ ਦੀ ਪਹਿਲੀ ਮੌਲਿਕ ਤੇ ਪ੍ਰਮਾਣਿਕ 'ਵਾਰ' ਆਖਿਆ ਜਾ ਸਕਦਾ ਹੈ।ਗੁਰੂ ਸਹਿਬਾਨ ਨੇ 'ਬਾਣੀ' ਦੀ ਪਰੰਪਰਾ ਵਿਚ 'ਵਾਰ' ਨੂੰ ਵਿਚਿੱਤਰ ਪ੍ਰਯੋਗਾਂ ਨਾਲ ਸਮੋਇਆਂ ਹੈ। ਗੁਰਬਾਣੀ ਵਿਚਲੀਆਂ ਵਾਰਾਂ ਦੇ ਪਾਤਰ ਮਾਨਵੀ ਨਾ ਹੁੰਦੇ ਹੋਏ ਵੀ ਇਹ ਮਾਨਵਤਾ ਦੇ ਸੰਜੀਵ ਭਾਵਾਂ ਨੂੰ ਉਘਾੜਦੀਆਂ ਅਤੇ ਬਦੀ ਦੇ ਅੰਸ਼ਾਂ ਉੱਤੇ ਨੇਕੀ ਦੀ ਜਿੱਤ ਗਾਥਾ ਦੇ ਡੰਕੇ ਵਜਾਉਂਦੀਆਂ ਹਨ। ਗੁਰੂ ਸਹਿਬਾਨ ਦੁਆਰਾ ਰਚੀਆਂ ਅਧਿਆਤਮਿਕ ਵਾਰਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਸਿਰੀ ਰਾਗ ਕੀ ਵਾਰ ਮਹਲਾ 1, ਅੰਗ 83.
2. ਮਾਝ ਕੀ ਵਾਰ ਮਹਲਾ 1, ਅੰਗ 137.
3. ਗਉੜੀ ਕੀ ਵਾਰ ਮਹਲਾ 4, ਅੰਗ 300.
4. ਗਉੜੀ ਕੀ ਵਾਰ ਮਹਲਾ 5 ਰਾਇ ਕਮਾਲਦੀ ਮੋਜ ਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ॥ ਅੰਗ 318.
5. ਆਸਾ ਕੀ ਵਾਰ ਮਹਲਾ 1 ਟੁੰਡੇ ਅਸਰਾਜੇ ਕੀ ਧੁਨੀ॥ ਅੰਗ 462.
6. ਗੂਜਰੀ ਕੀ ਵਾਰ ਮਹਲਾ 3 ਸਿਕੰਦਰ ਬਿਰਾਹਿਮ ਕੀ ਦੁਨੀ ਗਾਉਣੀ॥ ਅੰਗ 509.
7. ਗੂਜਰੀ ਕੀ ਵਾਰ ਮਹਲਾ 5, ਅੰਗ 517.
8. ਬਿਹਾਗੜੇ ਕੀ ਵਾਰ ਮਹਲਾ 4, ਅੰਗ 548.
9. ਵਡਹੰਸ ਕੀ ਵਾਰ ਮਹਲਾ 4 ਲਲਾ ਬਹਿਲੀਆ ਕੀ ਧੁਨਿ ਗਾਵਣੀ॥ ਅੰਗ 585.

10. ਸੋਰਠਿ ਕੀ ਵਾਰ ਮਹਲਾ 4, ਅੰਗ 642.
11. ਜੈਤਸਰੀ ਕੀ ਵਾਰ ਮਹਲਾ 5, ਅੰਗ 705.
12. ਸੂਹੀ ਕੀ ਵਾਰ ਮਹਲਾ 3, ਅੰਗ 785.
13. ਬਿਲਾਵਲ ਕੀ ਵਾਰ ਮਹਲਾ 4, ਅੰਗ 849.
14. ਰਾਮਕਲੀ ਕੀ ਵਾਰ ਮਹਲਾ 3,ਜੋਧੇ ਵੀਰੈ ਪੁਰਬਣੀ ਕੀ ਧੁਨੀ॥ ਅੰਗ 947.
15. ਰਾਮਕਲੀ ਕੀ ਵਾਰ ਮਹਲਾ 5, ਅੰਗ 957.
16. ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ॥ ਅੰਗ 966.
17. ਮਾਰੂ ਕੀ ਵਾਰ ਮਹਲਾ 3, ਅੰਗ 1086.
18. ਮਾਰੂ ਕੀ ਵਾਰ ਮਹਲਾ 5, ਅੰਗ 1094
19. ਬਸੰਤ ਕੀ ਵਾਰ ਮਹਲਾ 5, ਅੰਗ 1193.
20. ਸਾਰੰਗ ਕੀ ਵਾਰ ਮਹਲਾ 4, ਰਾਇ ਮਹਮੇ ਹਸਨੇ ਕੀ ਧੁਨਿ॥ ਅੰਗ 1237.
21. ਮਲਾਰ ਕੀ ਵਾਰ ਮਹਲਾ 1, ਰਾਣੈ ਕੈਲਾਸ ਤਥਾ ਮਾਲਦੇ ਕੀ ਧੁਨਿ ਅੰਗ 1278.
22. ਕਾਨੜੇ ਕੀ ਵਾਰ ਮਹਲਾ 4, ਮੂਸੇ ਕੀ ਵਾਰ ਕੀ ਧੁਨਿ॥ ਅੰਗ 1312.

ਉਪਰੋਕਤ 22 ਅਧਿਆਤਮਿਕ ਵਾਰਾਂ ਵਿਚੋਂ 21 ਵੱਖ-ਵੱਖਗੁਰੂ ਸਹਿਬਾਨ ਦੀ ਰਚਨਾ ਹੈ। ਇਕ ਵਾਰ ਗੁਰੂ ਘਰ ਦੇ ਨਿਕਟਵਰਤੀ ਸ਼ਰਧਾਲੂ 'ਸੱਤਾ ਤੇ ਬਲਵੰਡ' ਵਾਲੀਆਂ ਹਨ। ਇਨ੍ਹਾਂ ਅਧਿਆਤਮਿਕ ਵਾਰਾਂ ਨੂੰ ਰਾਗਾਂ ਵਿਚ ਹੀ ਸਿਰਜਿਆ ਹੈ। ਇਨ੍ਹਾਂ 22 ਵਾਰਾਂ ਵਿਚੋਂ 9 ਵਾਰਾਂ ਨੂੰ ਧੁਨੀਆਂ ਦੀਆਂਵਾਰਾਂ ਉੱਪਰ ਗਾਉਣ ਦਾ ਆਦੇਸ਼ ਪ੍ਰਾਪਤ ਹੈ। ਇਨ੍ਹਾ ਉਪਰੋਕਤ ਅਧਿਆਤਮਿਕ ਵਾਰਾਂ ਤੋਂ ਬਿਨਾਂ ਭਾਈ ਗੁਰਦਾਸ (ਪਹਿਲੇ) ਨੇ ਵੀ 39 ਅਧਿਆਤਮਿਕਧਾਰਮਕ ਵਾਰਾਂ ਲਿਖੀਆਂ ਹਨ। ਇਹ ਵਾਰਾਂ ਇਕ ਵੱਖਰੀ ਪੋਥੀ ਵਿਚ ਦਰਜ ਹਨ, ਜਿਸ ਨੂੰ 'ਵਾਰਾਂ ਭਾਈ ਗੁਰਦਾਸ' ਨਾਂ ਨਾਲ ਜਾਣਿਆਂ ਜਾਂਦਾ ਹੈ।ਇਸ ਤੋਂ ਇਲਾਵਾ ਰਣਜੀਤ ਸਿੰਘ ਕਾਲ ਵਿਚ ਲਿਖੇ ਗਏ ਜੰਗਨਾਮੇ ਬੀਰ-ਰਸੀ ਕਾਵਿ ਪਰੰਪਰਾ ਨੂੰ ਅਗਾਂਹ ਤੋਰਦੇ ਹਨ 'ਜੰਗਨਾਮਾ ਸ਼ਾਹ-ਮੁਹੰਮਦ' ਇਨ੍ਹਾਂ ਜੰਗਨਾਮਿਆਂ ਵਿਚੋਂ ਸ਼ਾਹਕਾਰ ਰਚਨਾ ਹੈ ਜਿਸ ਅੰਦਰ ਸ਼ਾਹ-ਮੁਹਮੰਦ ਨੇ ਸਿੱਖਾਂ ਅਤੇ ਅੰਗਰੇਜ਼ਾਂ ਦੀਆ ਲੜਾਈਆਂ ਨੂੰ ਬੈਂਤਾਂ ਵਿਚ ਪੇਸ਼ ਕੀਤਾ ਹੈ।ਵਾਰ ਵਿਸ਼ੇਸ਼ ਤੌਰ 'ਤੇ ਪੰਜਾਬੀ ਕਵਿਤਾ ਦਾ ਰੂਪ ਹੈ ਜੋ ਪੰਜਾਬੀਆਂ ਦੇ ਸਾਹਿਤ-ਸਭਿਆਚਾਰ ਨਾਲ ਡੂੰਘੀ ਤਰ੍ਹਾਂ ਜੁੜਿਆ ਹੈ। ਪੂਰਵ ਨਾਨਕ ਕਾਲ ਤੇ ਨਾਨਕ ਕਾਲ ਦੀਆਂ ਉਹ ਵਾਰਾਂ ਦਾਂ ਨਾਂ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਹੀ ਪੰਜਾਬੀ ਵਾਰ ਦੀਆਂ ਨੀਹਾਂ ਪੱਕੀਆਂ ਕੀਤੀਆਂ। ਦੁਨਿਆਵੀ ਵਾਰਾਂ ਉਸ ਸਮੇਂ ਦੇ ਭੱਟਾਂ ਤੇ ਢਾਡੀਆਂ ਵੱਲੋਂ ਗਾਈਆਂ ਜਾਂਦੀਆਂ ਸਨ। ਇਹ ਵਾਰਾਂ ਨਾਇਕ ਦੀ ਬੀਰ ਰਸੀ ਰੂਪ ਵਿਚ ਉਸਤਤ ਕਰਦੀਆਂ ਸਨ। ਇਹ ਜਿਹੀ ਵਿਧੀ ਤੇ ਸ਼ੈਲੀ ਦੀ ਉਦਾਹਰਣ 'ਹਸਨੇ ਮਹਿਮੇ ਦੀ ਵਾਰ ਵਿਚੋਂ ਲਈ ਜਾ ਸਕਦੀ ਹੈ:-

"ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ।

ਹਸਨੇ ਬੇਇਮਾਨਗੀ ਨਾਲ ਮਜਿਮੇ ਖੱਟੀ।

ਭੇੜ ਦੁਹਾਂ ਦਾ ਮਚਿਆ ਸਿਰ ਵੱਗੇ ਫੱਟੀ।

ਮਹਿਮੇ ਪਾਈ ਫਤਹਿ ਰਣ ਗਲ ਹਸਨ ਅਟੀ।

ਬੰਨ੍ਹ ਹਸਨੇ ਨੂੰ ਤੱਡਿਆ ਜਸ ਮਹਿਮੇ ਖੱਟੀ।"[25]

ਇਸੇ ਰਚਨਾ ਤੋਂ ਪ੍ਰੋਤਸਾਹਿਤ ਹੋ ਕੇ ਜੋ ਬੀਰ-ਰਸੀ ਰਚਨਾ ਸਾਨੂੰ ਆਧੁਨਿਕ ਕਾਲ ਤੱਕ ਪ੍ਰਾਪਤ ਹੁੰਦੀ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ:

1. ਨਾਦਰਸ਼ਾਹ ਦੀ ਵਾਰ ਕਰਤਾ ਨਜਾਬਤ, 2. ਪੋੜੀ ਦੀਵਾਨ ਅਲਿਫ ਖਾਂ ਕਰਤਾ ਜਾਨ ਕਵੀ, 3. ਚੱਠਿਆਂ ਦੀ ਵਾਰ ਕਰਤਾ ਪੀਰ ਮੁਹੰਮਦ, 4. ਵਾਰ ਸ੍ਰੀ ਰਾਮ ਚੰਦਰ ਕੀ ਕਰਤਾ ਸਦਾ ਰੰਗ, 5. ਹਕੀਕਤ ਰਾਏ ਕੀ ਵਾਰ ਕਰਤਾ ਅਗਰਾ, 6. ਵਾਰ ਮਤਰ ਕੀ (ਰਮਾਇਣ), 7. ਲਵਕੁਸ਼ ਦੀ ਵਾਰ ਕਰਤਾ ਜਸ਼ੋਧਾ ਨੰਦਨ, 8. ਵਾਰ ਮਾਰੂ ਕੀ ਰਮਾਇਣ, 9. ਲਵਕੁਸ਼ ਦੀ ਵਾਰ ਕਰਤਾ ਅਗਿਆਤ, 10. ਬੰਦੇ ਕੀ ਵਾਰ ਕਰਤਾ ਹਾਕਮ ਰਾਇ, 11. ਵਾਰ ਭੰਗਾਣੀ ਕੀ ਕਰਤਾ ਅਗਿਆਤ, 12. ਜੱਟਾਂ ਦੀ ਵਾਰ ਕਰਤਾ ਸਿਸ ਜੀਵ ਮਰਾਸੀ, 13. ਵਾਰ ਪੂਰਨ ਭਗਤ ਕਰਤਾ ਕਾਦਰਯਾਰ,14.ਵਾਰ ਤੁਗ਼ਲਕ ਕੀ, 15. ਬਹਾਦਰਸ਼ਾਹ ਕੀ ਵਾਰ, 16. ਵਾਰ ਮੀਰ ਬਾਬਰ ਕੀ, 17. ਯੁੱਧ ਚਰਿਤਰ ਗੁਰੂ ਗੋਬਿੰਦ ਸਿੰਘ ਜੀ ਕਾ ਕਰਤਾ ਬੀਰ ਸਿੰਘ ਕੇਵਲ, 18. ਵਾਰ ਰਾਇ ਬੁਲਾਰ ਕੀ, 19. ਵਾਰ ਅੰਮ੍ਰਿਤਸਰ ਕਰਤਾ ਦਰਸ਼ਨ ਭਗਤ, 20. ਵਾਰ ਹਰਿਗੋਬਿੰਦ ਜੀ ਕੀ ਕਰਤਾ ਸੁਥਰਾ।

ਇਹ ਵਾਰਾਂ ਠੇਠ ਪੰਜਾਬੀ ਵਿਚ ਪ੍ਰਾਪਤ ਹਨ। ਇਸ ਦਾ ਭਾਵੇਂ ਇਕ ਕਾਰਨ ਇਹ ਵੀ ਹੈ ਕਿ ਇਹ ਲੋਕ-ਕਲਾਕਾਰਾਂ, ਢਾਡੀਆਂ ਜਾਂ ਭੱਟਾਂ ਵਲੋਂ ਗਾਈਆਂ ਜਾਂਦੀਆਂ ਰਹੀਆਂ ਹਨ 'ਤੇ ਉਨ੍ਹਾਂ ਨੇ ਲੋਕਾਂ ਦੇ ਸਾਹਮਣੇ ਇਹ ਗਾਉਣੀਆਂ ਹੁੰਦੀਆਂ ਸਨ 'ਤੇ ਇਨ੍ਹਾਂ ਲੋਕ-ਵਾਰਾਂ ਦਾ ਸੰਬੰਧ ਲੋਕ-ਧਾਰਾ ਨਾਲ ਹੋਣ ਕਰਕੇ ਵੀ ਇਨ੍ਹਾਂ ਦਾ ਸਰੂਪ ਲੋਕ-ਕਾਵਿ ਵਾਲਾ ਬਣਿਆ ਰਹਿੰਦਾ ਸੀ। ਪੰਜਾਬੀ ਸਭਿਆਚਾਰ ਜੰਗ ਯੁੱਧ ਨਾਲ ਜੁੜਿਆ ਹੋਇਆ ਸੀ'ਤੇ ਇਹ ਵਾਰਾਂ ਇਸ ਰੂਪ ਤੇ ਸ਼ੈਲੀ ਵਿਚ ਹੋਣ ਕਰਕੇ ਪੰਜਾਬੀ ਅਵਚੇਤਨ ਤੱਕ ਆਪਣਾ ਪ੍ਰਭਾਵ ਕਾਇਮ ਕਰਦੀਆਂ ਸਨ।

ਆਧੁਨਿਕ ਕਾਲ ਵਿਚ ਭਾਵੇਂ ਮੱਧਕਾਲੀ ਵਾਰ ਪਰੰਪਰਾ ਉਸ ਜਲੌਅ ਨਾਲ ਗਤੀਸ਼ੀਲ ਨਜ਼ਰ ਨਹੀਂ ਆਉਂਦੀ ਪਰ ਫਿਰ ਵੀ ਕੁਝ ਇਕ ਕਵੀਆ ਨੇ ਵਾਰ ਰਚਨਾ ਉਤੇ ਹੱਥ ਅਜਮਾਈ ਕੀਤੀ ਹੈ। ਵਾਰ ਚਾਂਦ ਬੀਬੀ ਕਰਤਾ ਫੀਰੋਜ਼ਦੀਨ ਸਰਫ਼, ਵਾਰ ਅਕਾਲੀ ਫੂਲਾ ਸਿੰਘ(ਗੁਰਦੇਵ ਸਿੰਘ ਨਾਨ), ਲੋਕਾਂ ਦੀ ਵਾਰ(ਹਰਿੰਦਰ ਸਿੰਘ ਰੂਪ),

ਤਿਲੰਗਾਨਾ ਦੀ ਵਾਰ (ਹਰਿੰਦਰ ਸਿੰਘ ਰੂਪ), ਪੰਜਾਬ ਦੀ ਵਾਰ (ਗੁਰਦਿੱਤ ਸਿੰਘ ਕੁੰਦਨ), ਆਦਿ ਕਾਲ ਵਿਚ ਰਚੀਆਂ ਗਈਆ ਕੁਝ ਮੱਹਤਵਪੂਰਣ ਵਾਰਾਂ ਹਨ।ਇਨ੍ਹਾਂ ਵਾਰਾਂ ਦੇ ਵਿਸ਼ੇ ਵਿਚ ਵਧੇਰੇ ਕਰਕੇ ਜਾ ਤਾ ਕਿਸੇ ਇਤਿਹਾਸਕ ਵਿਅਕਤੀ ਦਾ ਗੁਣਗਾਨ ਕਰਨ ਤੱਕ ਹੀ ਸੀਮਿਤ ਰਹੇ ਹਨ। ਸੋ ਜਦ ਤੱਕ ਪੰਜਾਬੀਆਂ ਅੰਦਰ ਪੰਜਾਬੀਅਤ ਦਾ ਬੀਰ ਰਸੀ ਲਹੂ ਵਗਦਾ ਰਹੇਗਾ ਇਹ ਪਰੰਪਰਾ ਇਸੇ ਤਰ੍ਹਾਂ ਵਿਕਾਸ ਕਰਦੀ ਰਹੇਗੀ।ਸੋ ਸਮੁੱਚੇ ਰੂਪ ਵਿਚ ਕਿਹਾ ਜਾਂਦਾ ਹੈ ਕਿ ਵਾਰ ਪੰਜਾਬੀ ਦਾ ਮੋਲਿਕ ’ਤੇ ਪ੍ਰਮਾਣਿਕ ਕਾਵਿ ਰੂਪ ਹੈ ਜੋ ਕਿ ਧਰਤੀ ਅਤੇ ਸਭਿਆਚਾਰ ਦੀ ਸਾਂਝੀ ਖੁਸ਼ਬੂ ਵਿਚੋਂ ਪੈਦਾ ਹੋਇਆ ਹੈ।ਵਿਸ਼ਵ ਸਭਿਆਚਾਰ ਦੇ ਪ੍ਰੰਸਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਵਿਸ਼ਿਸ਼ਟ ਸਥਾਨ ਹੈ। ਆਪ ਨੇ ਮਧਯੁਗ ਦੇ ਜਗੀਰਦਾਰੀ ਸਮਾਜ ਦੀਆਂ ਵੇਲਾ ਵਿਹਾ ਚੁੱਕੀਆਂ ਰੀਤੀਆਂ ਅਤੇ ਰੂੜ੍ਹੀਆਂ ਵਿਚ ਉਲਝੇ ਵਿਅਕਤੀ ਨੂੰ ਨਵੇਂ ਯੁਗ ਦੀ ਰਸ਼ੋਨੀ ਵਿਚ ਲਿਆਂ ਖੜਾ ਕੀਤਾ; ਜਿਥੇ ਹਰ ਕੋਈ ਬਰਾਬਰ ਹੈ ਅਤੇ ਹਰ ਕਿਸੇ ਲਈ ਮੁਕਤੀ ਅਤੇ ਪ੍ਰਗਤੀ ਦੇ ਦਰਵਾਜ਼ੇ ਖੁੱਲ੍ਹੇ ਹਨ।

ਅਠਾਰਵੀਂ ਸਦੀ ਦਾ ਸਮੁੱਚਾ ਕਾਲ ਗੜਬੜ ਤੇ ਅਸ਼ਾਤੀ ਦਾ ਕਾਲ ਸੀ। ਮੁਗ਼ਲ ਕਾਲ ਵਾਲੀ ਅਧਿਆਤਮਕ ਸਾਹਿਤ ਦੀ ਪਰੰਪਰਾ ਇਸ ਕਾਲ ਵਿਚ ਜਾਰੀ ਨਹੀਂ ਸੀ ਰਹਿ ਸਕਦੀ। ਕੇਵਲ ਸ਼ੇਖ਼ ਬੁੱਲੇ ਸ਼ਾਹ ਵਰਗਾ ਇਕ ਅੱਧ ਕਵੀ ਅਕਾਸ਼ ਉੱਤੇ ਸੂਰਜ ਦੀ ਨਿਆਈ ਚਮਕਦਾ ਦਿਖਾਈ ਦਿੰਦਾ ਸੀ। ਭਗਤੀ ਭਾਵ ਰਚਨਾ ਵੀ ਮੱਧਮ ਤੇ ਰੀਤੀਬਧ ਸਵਰ ਵਾਲੀ ਰਚੀ ਗਈ ਹੈ, ਪਰ ਸੰਸਾਰਕ ਸਾਹਿਤ ਵਿਚ ਜੋ ਵਿਸ਼ੇਸ਼ ਰੂਪ ਸ਼ਿੰਗਾਰ-ਰਸੀ ’ਤੇ ਬੀਰ-ਰਸੀ ਕਵਿਤਾ ਦੇ ਰੂਪ ਵਿਚ ਪ੍ਰਚਲਿਤ ਸਨ, ਉਨ੍ਹਾਂ ਦੀ ਪਰੰਪਰਾ ਦਾ ਵਿਕਾਸ ਜ਼ਰੂਰ ਹੋਇਆ ਹੈ। ਬੀਰ ਰਸੀ ਕਵਿਤਾ ਵਿਸ਼ੇਸ਼ ਕਰਕੇ ਵਾਰ ’ਤੇ ਜੰਗਨਾਮੇ ਦੇ ਰੂਪ ਵਿਚ ਦ੍ਰਿਸ਼ਟੀਗਚੋਰ ਹੋਏ ਹਨ। ਵਾਰ ਸਾਹਿਤ ਵਿਚ ਭਾਵੇਂ ਕੁਝ ਨਮੂਨੇ ਇਸ ਕਾਲ ਦੇ ਮਿਲਦੇ ਹਨ, ਪਰ ਅਜਿਹਾ ਕੋਈ ਵਾਰ-ਕਾਵਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਦੀ ਵਾਰ ਦੀ ਉਤਕ੍ਰਿਸ਼ਟਤਾ ਨੂੰ ਪੂਜਦਾ ਕੋਈ ਵਾਰ-ਸਾਹਿਤ ਇਸ ਕਾਲ ਵਿਚ ਨਹੀਂ ਮਿਲਦਾ। ਫਿਰ ਵੀ ਕੁਝ ਵਾਰਾਂ ਜ਼ਰੂਰ ਸਾਡਾ ਧਿਆਨ ਆਪਣੇ ਵੱਲ ਖਿਚਦੀਆਂ ਹਨ। ਬੀਰ-ਰਸੀ ਵਾਰਾਂ ਤੋਂ ਬਾਅਦ ਅਧਿਆਤਮਿਕ ਵਾਰਾਂ ਦਾ ਵੇਰਵਾ ਇਸ ਤਰ੍ਹਾਂ ਹੈ:

**ਗੁਰੂ ਨਾਨਕ ਦੇਵ**: ਤਿੰਨ ਵਾਰਾਂ: ਮਲਾਰ, ਆਸਾ ਤੇ ਮਾਝ ਰਾਗਾਂ ਵਿਚ।

**ਗੁਰੂ ਅਮਰਦਾਸ**: ਚਾਰ ਵਾਰਾਂ: ਗੁਜਰੀ, ਸੂਹੀ, ਰਾਮਕਲੀ ਤੇ ਮਾਰੂ ਰਾਗਾਂ ਵਿਚ।

**ਗੁਰੂ ਰਾਮ ਦਾਸ**: ਅੱਠ ਵਾਰਾਂ: ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਿਠ, ਬਿਲਾਵਲ, ਸਾਰੰਗ ਤੇ ਕਾਨੜਾ ਰਾਗਾਂ ਵਿਚ।

**ਗੁਰੂ ਅਰਜਨ ਦੇਵ**: ਛੇ ਵਾਰਾਂ: ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ ਰਾਗਾਂ ਵਿਚ।”[26]

ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਵਾਰ ਪੰਜਾਬੀ ਦਾ ਮੌਲਿਕ ’ਤੇ ਪ੍ਰਮਾਣਿਕ ਕਾਵਿ ਰੂਪ ਹੈ। ਇਹ ਪੰਜਾਬ ਦੀ ਧਰਤੀ ਤੋਂ ਪੈਂਦਾ ਹੋਇਆ ਹੈ। ਵਾਰ ਦਾ ਅਰਥ ਜੰਗ ਯੁੱਧ ਨਾਲ ਸਬੰਧਿਤ ਕਥਾ ਵਾਰਤਾ ਤੋਂ ਲਿਆ ਜਾਂਦਾ ਹੈ।ਬੀਰ-ਰਸੀ ਵਾਰਾਂ ਦੇ ਨਾਲ-ਨਾਲ ਅਧਿਆਤਮਕ ਵਾਰਾਂ ਵੀ ਰਚੀਆਂ ਗਈਆ। ਮੱਧਕਾਲੀ ਸਾਹਿਤ ਦਾ ਇਹ ਕਾਵਿ-ਰੂਪ ਪੰਜਾਬੀ ਭਾਵਨਾਂ ਨਾਲ ਡੂੰਘੇ ਤੌਰ’ਤੇ ਜੁੜਿਆ ਹੈ। ਪੰਜਾਬੀ ਸਾਹਿਤ ਦਾ ਇਹ ਇਕੱਲਾ ਅਜਿਹਾ ਕਾਵਿ-ਰੂਪ ਹੈ ਜਿਸ ਉੱਤੇ ਪੰਜਾਬੀ ਮਨ ਹਮੇਸ਼ਾ ਮਾਣ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਪ੍ਰੋ. ਪਿਆਰਾ ਸਿੰਘ ਪਦਮ, ਪੰਜਾਬੀ ਵਾਰਾਂ ਪੰਨਾ 6

2. ਰਾਗ ਮਾਰੂ ਕਬੀਰ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1105

3. ਸਲੋਕ ਵਾਰਾਂ ਤੇ ਵਧੀਕ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1412

4. ਗੁਰੂ ਗੋਬਿੰਦ ਸਿੰਘ, ਚੰਡੀ ਚਰਿੱਤਰ, ਛੰਦ 232

5. ਪ੍ਰੋ. ਪਿਆਰਾ ਸਿੰਘ ਪਦਮ, ਪੰਜਾਬੀ ਵਾਰਾਂ, ਪੰਨਾ 9

6. ਸੁਤਿੰਦਰ ਸਿੰਘ ਨੂਰ, ਪੰਜਾਬੀ ਵਾਰ-ਕਾਵਿ ਦਾ ਇਤਿਹਾਸ, ਪੰਨਾ 15

7. ਸੁਤਿੰਦਰ ਸਿੰਘ ਨੂਰ, ਪੰਜਾਬੀ ਵਾਰ-ਕਾਵਿ ਦਾ ਇਤਿਹਾਸ, ਪੰਨਾ 14

8. ਉਹੀ, ਪੰਨਾ

9. ਸੁਤਿੰਦਰ ਸਿੰਘ ਨੂਰ, ਪੰਜਾਬੀ ਵਾਰ-ਕਾਵਿ ਦਾ ਇਤਿਹਾਸ, ਪੰਨਾ 15

10. ਭਾਈ ਕਾਹਨ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਾਰ ਮਹਾਨ ਕੋਸ਼, ਪੰਨਾ 1091

11. ਬਾਵਾ ਬੁੱਧ ਸਿੰਘ, ਪ੍ਰੇਮ ਕਹਾਣੀ, ਪੰਨਾ 35

12. ਭਾਈ ਮੋਹਨ ਸਿੰਘ, ਵੈਦ ਸਮ੍ਰਿਤੀ ਅੰਕ, ਪੰਨਾ 412

13. ਉਹੀ, ਪੰਨਾ

14. ਉਹੀ, ਪੰਨਾ

15. ਉਹੀ, ਪੰਨਾ

16. ਭਾਈ ਮੋਹਨ ਸਿੰਘ, ਵੈਦ ਸਮ੍ਰਿਤੀ ਅੰਕ, ਖੋਜ ਪਤ੍ਰਿਕਾ, ਪੰਨਾ 419

17. ਉਹੀ, ਪੰਨਾ

18. ਪ੍ਰੋ. ਆਤਮਾ ਸਿੰਘ, ਆਸਾ ਦੀ ਵਾਰ ਦਾ ਦਾਰਸ਼ਨਿਕ ਅਧਿਐਨ, ਪੰਨਾ 19

19. ਸਲੋਕ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 462-63

20. ਗੁਰੂ ਗੋਬਿੰਦ ਸਿੰਘ, ਚੰਡੀ ਦੀ ਵਾਰ, ਪਉੜੀ ਅੰਗ 55

21. ਚੰਡੀ ਦੀ ਵਾਰ, ਗੁਰੂ ਗੋਬਿੰਦ ਸਿੰਘ, ਪਉੜੀ 7,

22. ਡਾ. ਅਜਮੇਰ ਸਿੰਘ, (ਸੰਪਾਦਕ) ਖੋਜ ਪਤ੍ਰਿਕਾ, ਪੰਨਾ 34-35

23. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀ ਪੰਜਾਬੀ ਸਾਹਿਤ, ਪੰਨਾ 138

24. ਵਾਰ ਟੁੰਡੇ ਅਸਰਾਜੇ ਕੀ, (ਮਾਝ ਦੀ ਵਾਰ) ਰੂਪ-ਰਚਨਾ ਅਤੇ ਪਾਠ, ਪ੍ਰੋ. ਬ੍ਰਹਮਜਗਦੀਸ਼ ਸਿੰਘ ਪੰਨਾ 38

25. ਸੁਤਿੰਦਰ ਸਿੰਘ ਨੂਰ, ਪੰਜਾਬੀ ਵਾਰ-ਕਾਵਿ ਦਾ ਇਤਿਹਾਸ, ਪੰਨਾ 20

26. ਬਿਕਰਮ ਸਿੰਘ ਘੁੰਮਣ, ਮੱਧਕਾਲੀਨ ਪੰਜਾਬੀ ਸਾਹਿਤ ਪੰਨਾ 137-138

# ਅਧਿਆਇ ਦੂਜਾ

# ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਰਚਨਾ

ਮੇਰੇ ਖੋਜ ਪ੍ਰਬੰਧ ਦਾ ਵਿਸ਼ਾ 'ਮਾਝ ਦੀ ਵਾਰ' ਦਾ ਸਾਹਿਤਕ ਅਧਿਐਨ ਹੈ। ਪਿਛਲੇ ਅਧਿਆਇ ਵਿਚ ਮੈਂ ਜ਼ਿਕਰ ਕਰ ਆਈ ਹਾਂ ਕਿ 'ਮਾਝ ਦੀ ਵਾਰ' ਗੁਰੂ ਨਾਨਕ ਦੇਵ ਜੀ ਰਚਨਾ ਹੈ। ਇਸ ਲਈ ਜ਼ਰੂਰੀ ਹੈ ਕਿ ਆਪਣੇ ਖੋਜ ਪ੍ਰਬੰਧ 'ਮਾਝ ਦੀ ਵਾਰ' ਦਾ ਸਾਹਿਤਕ ਅਧਿਐਨ ਕਰਨ ਤੋਂ ਪਹਿਲਾ 'ਮਾਝ ਦੀ ਵਾਰ' ਦੇ ਰਚਨਕਾਰ/ਵਾਰਕਾਰ ਦੇ ਜੀਵਨ, ਰਚਨਾ ਅਤੇ ਫ਼ਲਸਫ਼ੇ ਸਬੰਧੀ ਝਾਤ ਪਾ ਲਈ ਜਾਵੇ। ਇਸ ਲਈ ਹਥਲੇ ਅਧਿਆਇ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਰਚਨਾ ਵਿਸ਼ੇ ਨਾਲ ਹੈ। ਗੁਰੂ ਨਾਨਕ ਦੇਵ ਜੀ ਮਨੁੱਖ ਦੀ ਮੁਕਤੀ ਅਤੇ ਕਲਿਆਣ ਵਾਸਤੇ ਇਸ ਬਾਣੀ ਨੂੰ ਪੇਸ਼ ਕੀਤਾ ਹੈ। ਗੁਰੂ ਸਾਹਿਬ ਜੀ ਮਨੁੱਖ ਨੂੰ ਸੱਚੇ ਪਰਮਾਤਮਾ ਦੇ ਸਰੂਪ ਅਤੇ ਪ੍ਰਕਿਰਤੀ ਦੇ ਅਨੁਸਾਰ 'ਸਚਿਆਰ' ਬਣਾਉਣਾ ਲੋਚਦੇ ਸਨ। ਗੁਰੂ ਸਾਹਿਬ ਦਾ ਵਿਸ਼ਵਾਸ ਸੀ ਕਿ ਜਦੋਂ ਮਨੁੱਖ ਸਚਿਆਰੁ ਬਣ ਜਾਵੇਗਾ ਤਾਂ ਉਸਦੀਆਂ ਸਾਰੀਆਂ ਸੀਮਾਵਾਂ ਅਤੇ ਕਮਜ਼ੋਰੀਆਂ ਆਪਣੇ ਆਪ ਖ਼ਤਮ ਹੀ ਜਾਣਗੀਆਂ। ਗੁਰੂ ਸਾਹਿਬ ਜੀ ਦੀ ਹਰ ਬਾਣੀ, ਮਨੁੱਖ-ਮਾਤਰ ਲਈ ਪ੍ਰਾਸੰਗਿਕ ਅਤੇ ਕਲਿਆਣਕਾਰੀ ਹੈ।ਇਸ ਰਚਨਾ ਵਿਚ ਸਮਾਜਿਕ-ਸਭਿਆਚਾਰਕ ਵਿਸ਼ਲੇਸ਼ਣ ਨਿਰੰਤਰ ਜਾਰੀ ਰਿਹਾ ਹੈ।

## 2.1 ਗੁਰੂ ਨਾਨਕ ਦੇਵ ਜੀ ਦਾ ਜੀਵਨ

ਗੁਰੂ ਨਾਨਕ ਦੇਵ ਜੀ ਜਨਮ-ਤਿੱਥੀ ਬਾਰੇ ਵਿਦਵਾਨ ਇਕ ਮੱਤ ਨਹੀਂ ਸਗੋਂ ਮੋਟੇ ਤੌਰ 'ਤੇ ਜਨਮ-ਤਿੱਥੀਆਂ ਕੱਤਕ ਅਤੇ ਵੈਸਾਖ ਦੱਸਦੇ ਹਨ। ਏਥੇ ਪ੍ਰਥਮ ਰੂਪ ਵਿਚ ਅਸੀਂ ਕੱਤਕ-ਤਿੱਥੀ ਨੂੰ ਸਵੀਕਾਰ ਕਰਨ ਵਾਲੇ ਵਿਦਵਾਨਾਂ ਸੰਬੰਧੀ ਵਿਚਾਰ ਚਰਚਾ ਕਰਾਂਗੇ।

ਗੁਰੂ ਕਾਲ ਦੇ ਸਮਕਾਲੀ ਅਤੇ ਮੁੱਖ ਪ੍ਰਮਾਣਿਕ ਵਿਅਕਤੀ ਭਾਈ ਗੁਰਦਾਸ ਦਾ ਨਿਮਨ ਲਿਖਿਤ ਕਬਿੱਤ ਗੁਰੂ ਨਾਨਕ ਦੇਵ ਦੀ ਜਨਮ-ਤਿੱਥੀ ਨੂੰ ਕੱਤਕ ਪੂਰਨਮਾਸ਼ੀ ਵਲ ਇਉਂ ਸੰਕੇਤ ਕਰਦਾ ਹੈ:

"ਕਾਰਤਕ ਮਾਸ ਰੁਤਿ ਸਰਤਿ ਪੂਰਨਮਾਸੀ॥

ਆਠ ਜਮਾ ਸਾਠ ਘੜੀ ਆਜ ਤੇਰੀ ਬਾਰੀ ਹੈ॥

ਅਉਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੋਇ॥

ਰੂਪ ਗੁਣ ਜੋਬਨ ਸੰਸਾਰ ਅਧਿਕਾਰੀ ਹੈ॥

ਚਾਤਰ ਚਤਰ ਪਾਠ ਸੇਵਕ ਸਹੇਲੀ ਸਾਠ॥

ਸਮੱਗਰੀ ਸੁਖ ਸਹਿਜ ਸਚਾਰੀ ਹੈ॥

ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ॥

ਜੀਵਨ ਜਨਮ ਧਨ ਪ੍ਰੀਤਮ ਪਿਆਰੀ ਹੈ॥ "[1]

ਡਾ. ਤ੍ਰਿਲੋਚਨ ਸਿੰਘ ਗੁਰੂ ਨਾਨਕ ਦੇਵ ਦੇ ਜਨਮ ਭਾਈ ਗੁਰਦਾਸ ਦੇ ਇਸ ਕਬਿੱਤ ਤੋਂ ਨਿਮਨ ਲਿਖਤ ਸਬੂਤ ਦਿੰਦਾ ਹੈ:

1) ਕੱਤਕ ਪੂਰਨਮਾਸ਼ੀ ਦਾ ਸ਼ੁਭ ਦਿਨ ਗੁਰੂ ਨਾਨਕ ਦੇਵ ਤੋਂ ਬਿਨਾਂ ਹੋਰ ਕਿਸੇ ਦਿਨ ਨਾਲ ਸੰਬੰਧਿਤ ਨਹੀਂ ਹੋ ਸਕਦਾ।

2) 'ਅਜ ਤੇਰੀ ਬਾਰੀ ਹੈ' ਦਾ ਭਾਵ ਗੁਰੂ ਨਾਨਕ ਦੇਵ ਜੀ ਜਨਮ-ਤਿੱਥੀ ਤੋਂ ਬਿਨਾਂ ਹੋਰ ਕੋਈ ਨਹੀਂ। ਗੁਰਪੁਰਬ ਗੁਰੂਆਂ ਸਮੇਂ ਮਨਾਏ ਜਾਣ ਲੱਗ ਪਏ ਸਨ ਅਤੇ 'ਗੁਰਪੁਰਬ' ਸ਼ਬਦ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਆਇਆ ਹੈ। ਸੋ ਇਹ ਸਵੈਯਾ ਗੁਰੂ ਨਾਨਕ ਦੇਵ ਦੇ ਜਨਮ-ਦਿਹਾੜੇ 'ਤੇ ਹੀ ਲਿਖਿਆ ਹੈ। "[2]

'ਪ੍ਰੀਤਮ ਪਿਆਰੀ' ਸ਼ਬਦ ਵੀ ਗੁਰੂ ਨਾਨਕ ਦੇਵ ਵਲ ਸੰਕੇਤ ਕਰਦੇ ਹਨ।

ਕੱਤਕ ਤਿੱਥੀ ਨੂੰ ਸਵੀਕਾਰ ਕਰਦਾ ਹੋਇਆ ਪੰਡਿਤ ਨਰਾਇਣ ਸਿੰਘ ਆਪਣੇ 'ਕਬਿਤ ਸਵੈਯਾ ਸਟੀਕ' ਵਿਚ ਆਪਣਾ ਮੱਤ ਇਉਂ ਪ੍ਰਗਟ ਕਰਦਾ ਹੈ 'ਇਸ ਛੰਦ ਵਿਚ ਭਾਈ ਗੁਰਦਾਸ ਨੇ ਕੱਤਕ ਪੂਰਨਮਾਸ਼ੀ ਦੇ ਦਿਨ ਸਤਿਗੁਰੂ ਜੀ ਦੇ ਅਵਤਾਰ ਲੈਣ ਦਾ ਦਿਨ ਕਿਹਾ ਹੈ ਪਰ ਭਾਈ ਗੁਰਦਾਸ ਦੇ ਇਸ ਕਬਿਤ ਦਾ ਅਰਥ ਕਿਸੇ ਪ੍ਰਮਾਣਿਕ ਅਤੇ ਇਤਿਹਾਸਿਕ ਹੱਥ-ਲਿਖਤ ਜਾਂ ਹਵਾਲੇ ਤੋਂ ਬਿਨਾਂ ਅਸੀਂ ਨਿਸ਼ਚਿਤ ਅਤੇ ਵਿਸਸ਼ਵਾਸ ਸਹਿਤ ਹੋ ਕੇ ਗੁਰੂ ਨਾਨਕ ਦੇਵ ਦੀ ਜਨਮ ਤਿੱਥੀ ਨਾਲ ਸੰਬੰਧਿਤ ਕਰਨਾ ਅਧਿਕ ਯੋਗ ਨਹੀਂ ਸਮਝਦੇ। "[3]

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਜਨਮ-ਤਿੱਥੀ ਕੱਤਕ ਪੂਰਨਮਾਸ਼ੀ ਹੀ ਲਿਖੀ ਹੈ। "[4]

ਉਪਰੋਕਤ ਵਿਦਵਾਨਾਂ ਦੇ ਮੱਤ ਨੂੰ ਰੱਦ ਕਰਕੇ ਵੈਸਾਖ ਤਿੱਥੀ ਸਵੀਕਾਰ ਕਰਨ ਵਾਲੇ ਨਿਮਨ ਲਿਖਤ ਖੋਜੀ ਵਿਦਵਾਨ ਇਸ ਪ੍ਰਕਾਰ ਆਪਣੇ ਮੱਤ ਦੀ ਪੁਸ਼ਟੀ ਕਰਦੇ ਹਨ:

ਪ੍ਰਥਮ ਰੂਪ ਵਿਚ ਅਸੀਂ ਗੁਰੂ ਨਾਨਕ ਦੇਵ ਜੀ ਦੀ ਜਨਮ ਤਿੱਥੀ ਨਾਲ ਸੰਬੰਧਿਤ

"ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।॥

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧਰਿ ਧਰੋਆ॥

ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ॥

ਸਿਧ ਆਸਣ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ॥

ਘਰਿ ਘਰ ਅੰਦਰ ਧਰਮਸਾਲ ਹੋਵੈ ਕੀਤਰਨ ਸਦਾ ਵਿਸੋਆ॥ ”[5]

ਭਾਈ ਗੁਰਦਾਸ ਦੀ ਇਸ ਵਾਰ ਦੀ ਪਉੜੀ 27 ਵਿਚ ‘ਪ੍ਰਗਟਿਆ’ਅਤੇ ‘ਵਸੋਆ’ ਸ਼ਬਦ ਸਾਡੇ ਵਿਦਵਾਨਾਂ ਵਿਚਕਾਰ ਵਿਸ਼ੇਸ਼ ਵਾਦ-ਵਿਵਾਦ ਦਾ ਕੇਂਦਰ ਬਣੇ ਹੋਏ ਹਨ। ਸ਼ਬਦ ‘ਪ੍ਰਗਟਿਆ’ ਵਾਸਤਵ ਵਿਚ ਗੁਰੂ ਨਾਨਕ ਦੇਵ ਦੇ ਜਨਮ ਲੈਣ ਸੰਬੰਧੀ ਹੈ। ਕਿਉਂ ਜੋ ਭਾਈ ਗੁਰਦਾਸ ਇਕ ਤਾਂ ਗੁਰੂ ਨਾਨਕ ਦੇਵ ਦੇ ਆਗਮਨ ਸੰਬੰਧੀ ਵਾਰ ਰਚ ਰਹੇ ਹਨ ਅਤੇ ਦੂਜੇ ਉਨ੍ਹਾਂ ਦੇ ਆਉਣ ਨਾਲ ਜਿਵੇਂ ਹਨੇਰਾ ਨੱਸ ਜਾਂਦਾ ਹੈ, ਦੀ ਅਲੰਕ੍ਰਿਤ ਭਾਸ਼ਾ ਨੂੰ ਮਾਧਿਅਮ ਬਣਾਕੇ ਵਾਤਾਵਰਣ ਉੱਤੇ ਉਨ੍ਹਾਂ ਦਾ ਪ੍ਰਤਿਕਰਮ ਪ੍ਰਗਟਾ ਰਹੇ ਹਨ।”[6]ਭਾਈ ਕਾਨ੍ਹ ਸਿੰਘ ਨਾਭਾ ਆਪਣੇ ਪ੍ਰਸਿੱਧ ਗ੍ਰੰਥ ‘ਮਹਾਨ-ਕੋਸ਼’ ਵਿਚ ‘ਵਿਸੋਆ’ ਸ਼ਬਦ ਦੇ ਅਰਥ ਇਉਂ ਲਿਖਦਾ ਹੈ:

ਵਿਸੋਆ- (1) “ਵਸਾਖ ਕੀ ਸੰਕਰਾਤ (ਵੈਸਾਖੀ)

(2) ‘ਸਾਲ ਦਾ ਨਵਾਂ ਦਿਨ’ (ਨੌਰੋਜ਼)

(3) ‘ਹੋਵੇ ਕੀਰਤਨ ਸਦਾ ਵਸੋਆ” [7]

‘ਵਾਰਾਂ ਭਾਈ ਗੁਰਦਾਸ ਜੀ’ ਵਿਚ ‘ਵਿਸੋਆ’ ਸ਼ਬਦ ਦਾ ਅਰਥ ‘ਵਿਸਾਖੀ’ ਹੀ ਹਨ। ਸੋ ਵੈਸਾਖ ਮਹੀਨੇ ਨੂੰ ਸਿੱਧੇ ਰੂਪ ਵਿਚ ਅਸੀਂ ਗੁਰੂ ਨਾਨਕ ਦੇ ਜਨਮ-ਦਿਨ ਨਾਲ ਜੋੜ ਸਕਦੇ ਹਾਂ ਪਰ ਭਾਈ ਵੀਰ ਸਿੰਘ, ਪੰਡਿਤ ਹਜ਼ਾਰਾ ਸਿੰਘ ਅਤੇ ਭਾਈ ਮਨੀ ਸਿੰਘ ਆਦਿ ਪ੍ਰਸਿੱਧ ਖੋਜੀ ਵਿਦਵਾਨ ਭਾਈ ਗੁਰਦਾਸ ਦੀ ਵਾਰ ਅੰਦਰਲੇ ਸ਼ਬਦ ‘ਵਿਸੋਆ’ ਦਾ ਸੰਬੰਧ ਗੁਰੂ ਨਾਨਕ ਦੇਵ ਦੀ ਜਨਮ-ਤਿੱਥੀ ਨਾਲ ਅਸੰਬੰਧਿਤ ਹੀ ਦਰਸਾਉਂਦੇ ਹਨ। ਪਰ ਤਾਂ ਵੀ ‘ਵਿਸੋਆ’ ਸ਼ਬਦ ਤੋਂ ਕੁਝ ਵਿਦਵਾਨਾਂ ਦੇ ਮੱਤ ਦੇ ਆਧਾਰ ਤੇ ਅਸੀਂ ਦੋ ਨਿਰਣੇ ਕਰ ਸਕਦੇ ਹਾਂ।

(1) ਗੁਰੂ ਨਾਨਕ ਦੇਵ ਜੀ ਦੀ ਜਨਮ-ਤਿੱਥੀ 1526 ਵਿਸਾਖ 3 ਦਾ ਹੈ।

(2) ਦੂਜਾ ਸੰਕੇਤ 1529, 1 ਵਿਸਾਖ ਦਾ ਪਤਾ ਲੱਗਦਾ ਹੈ।

ਇਸ ਪ੍ਰਕਾਰ ਭਾਈ ਗੁਰਦਾਸ ਦਾ ‘ਵਿਸੋਆ’ ਸ਼ਬਦ 1 ਵੈਸਾਖ ਦਿਨ ਐਤਵਾਰ ਨੂੰ ਬਣਦਾ ਹੈ। ਉਂਝ ਵੈਸਾਖ ਸਿੱਖਾਂ ਦਾ ਮਹੱਤਵਪੂਰਣ ਮਹੀਨਾ ਹੈ ਕਿਉਂਕਿ ਜੋ ਇਸ ਦਿਨ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਸਾਜਿਆ, ਪਹਿਲਾਂ ਤਾਂ 1 ਵੈਸਾਖ ਚੇਤ 3 ਨੂੰ ਨਹੀਂ ਆਉਂਦਾ। ਵੈਸਾਖ 3 ਨੂੰ ਮਿਤੀ 15 ਅਪ੍ਰੈਲ 1469 ਈ. ਦੀ ਬਣਦੀ ਹੈ। ਸੋ ਏਥੇ ਤੇਜਾ ਸਿੰਘ ਗਣਿਤਿਕ ਪੱਖੋਂ ਗਲਤ ਕਿਹਾ ਜਾ ਸਕਦਾ ਹੈ।

ਇਸ ਤੋਂ ਅਗਲਾ ਨੁਕਤਾ ਇਹ ਹੈ ਕਿ 1 ਵੈਸਾਖ ਅਰਥਾਤ 27 ਮਾਰਚ 1469 ਈ. ਨੂੰ ਸੰਕੇਤ ਕਰਨ ਵਾਲਾ ਇਤਿਹਾਸਿਕ ਪੱਖੋਂ ਕੋਈ ਪ੍ਰਮਾਣਿਕ ਹੱਥ-ਲਿਖਤ ਗ੍ਰੰਥ ਅਜੇ ਅਪ੍ਰਾਪਤ ਹੈ। ਸੋ ਅਸੀ 'ਵਿਸੋਆ' ਸ਼ਬਦ ਨੂੰ ਵਿਗਿਆਨਿਕ ਰੂਪ ਵਿਚ ਵੈਸਾਖ ਨਾਲ ਸੰਬੰਧਿਤ ਨਹੀਂ ਕਰ ਸਕਦੇ।

'ਪੁਰਾਤਨ ਜਨਮ ਸਾਖੀ' ਜਿਸ ਵਿਚ ਗੁਰੂ ਨਾਨਕ ਦੇਵ ਦੀ ਜਨਮ-ਤਿੱਥੀ ਇਸ ਪ੍ਰਕਾਰ ਦਰਜ ਹੈ:

"ਸੰਮਤ 1526 ਬਾਬਾ ਨਾਨਕ ਜਨਮਿਆ। ਵੈਸਾਖ ਮਾਹਿ ਤਿਤਰੀਆ, ਚਾਨਣੀ ਰਾਤਿ, ਅਮ੍ਰਿਤ ਵੇਲਾ, ਪਹਰ ਰਾਤ, ਰਹੰਦੀ ਕੁ ਜਨਮਿਆ।" ਮਿਹਰਬਾਨ ਦੀ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਵੀ ਉਪਰੋਕਤ ਮਿਤੀ ਦੀ ਪੁਸ਼ਟੀ ਕਰਦੀ ਹੈ।

ਡਾ. ਗੰਡਾ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਲਿਖਦੇ ਹਨ: ਗੁਰੂ ਨਾਨਕ 15 ਅਪ੍ਰੈਲ, ਸੰਮਤ 1526 ਜੋ 1469 ਨੂੰ ਪੈਦਾ ਹੋਏ।"[8]

ਮੈਕਾਲਫ ਲਿਖਦਾ ਹੈ: ਗੁਰੂ ਨਾਨਕ 'ਵੈਸਾਖ ਸੁਦੀ ਤਿੰਨ (ਅਪ੍ਰੈਲ-ਮਈ) ਸੰਮਤ 1526 ਜੋ 1469 ਨੂੰ ਬਣਦਾ ਹੈ, ਪ੍ਰਗਟ ਹੋਏ।"[9]

ਡੰਕਨ ਗ੍ਰੀਨਲੀਜ਼ ਪ੍ਰੱਸਿਧ ਵਿਦਵਾਨ ਆਪਣਾ ਮੱਤ ਇਉਂ ਅੰਕਿਤ ਕਰਦਾ ਹੈ:

ਕਿਗੁਰੂ ਨਾਨਕ ਦੇਵ ਜੀ '15 ਅਪ੍ਰੈਲ 1469' ਨੂੰ ਪੈਦਾ ਹੋਏ।

ਉਪਰੋਕਤ ਲੰਮੀ ਚਰਚਾ ਤੋਂ ਪਤਾ ਲੱਗਦਾ ਹੈ ਕਿ ਪੂਰਨਮਾਸ਼ੀ-ਤਿੱਥੀ ਨੂੰ ਸਵੀਕਾਰ ਕਰਨ ਵਾਲੇ ਵਿਦਵਾਨ ਠੋਸ ਰੂਪ ਵਿਚ ਕੋਈ ਇਤਿਹਾਸਿਕ ਸਬੂਤ ਨਹੀਂ ਦਿੰਦੇ, ਪਰ ਇਸ ਤੋਂ ਉਲਟ ਬਹੁ ਇਤਿਹਾਸਿਕ ਗ੍ਰੰਥ, ਜਿਵੇਂ 'ਪੁਰਾਤਨ ਜਨਮਸਾਖੀ', 'ਮਿਹਰਬਾਨ ਵਾਲੀ ਜਨਮਸਾਖੀ', 'ਵੈਰੋ ਵਾਲੀ ਜਨਮਸਾਖੀ', 'ਭਾਈ ਮਨੀ ਸਿੰਘ ਦੀ ਜਨਮਸਾਖੀ' ਅਤੇ 'ਮਹਿਮਾ ਪ੍ਰਕਾਸ਼' ਆਦਿ ਵਿਚ ਵੈਸਾਖ ਤਿੱਥੀ ਵਲ ਸੰਕੇਤ ਹੈ। ਵੈਸਾਖ ਤਿੱਥੀ ਦੇ ਸਥਾਨਕ ਵਜੋਂ 'ਨਾਨਕ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਗੁਰੂ ਨਾਨਕ ਦੇਵ ਦੀ ਉਮਰ 70 ਸਾਲ 5 ਮਹੀਨੇ ਅਤੇ 7 ਦਿਨ ਦਸਦੇ ਹਨ।"[10] ਜੇਕਰ ਅਸੀਂ ਇਸ ਉਮਰ ਦਾ ਹਿਸਾਬ ਪੱਖੋਂ ਅਧਿਐਨ ਕਰੀਏ ਤਾਂ ਇਹ 3 ਵੈਸਾਖ, 1526 ਵਾਲਾ ਦਿਨ ਹੀ ਬਣ ਜਾਂਦਾ ਹੈ। ਸੋ ਅਸੀਂ ਸਮੁੱਚੇ ਰੂਪ ਵਿਚ ਜਦ ਤਕ ਕੋਈ ਹੋਰ ਪ੍ਰਮਾਣਿਕ ਤਥ ਨਹੀਂ ਹੁੰਦਾ, ਇਹ ਹੀ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਵੈਸਾਖ 3 ਸੰਮਤ 1526 ਅਰਥਾਤ 15 ਅਪ੍ਰੈਲ ਸੰਮਤ 1469 ਨੂੰ ਜਨਮੇ ਸਨ।

ਸਿੱਖ ਧਰਮ ਦੇ ਬਾਨੀ 'ਤੇ ਆਦਿ ਆਚਾਰੀਆ ਗੁਰੂ ਨਾਨਕ ਦੇਵ ਸਾਹਿਬ ਦਾ ਪ੍ਰਕਾਸ਼ ਬਾਬਾ ਮਹਿਤਾ ਕਾਲੂ, ਖਤਰੀ ਜ਼ਾਤ, ਬੇਦੀ ਬੰਸ ਸੀ ਅਤੇ ਉਹ ਪਿੰਡ ਦਾ ਪਟਵਾਰੀ ਸੀ। ਮਾਤਾ ਤ੍ਰਿਪਤਾ ਦੀ ਕੁੱਖੋਂ ਰਾਇ ਭੋਇ ਦੀ ਤਲਵੰਡੀ ਵਿਖੇ ਪਹਿਲੀ ਵੈਸਾਖ ਸੰਮਤ (1469) ਈ: ਨੂੰ ਹੋਇਆ। ਘਰ ਦਾ ਪ੍ਰੋਹਿਤ ਪੰਡਿਤ ਹਰਦਿਆਲ ਸੀ। ਬੀਬੀ ਨਾਨਕੀ ਉਨ੍ਹਾਂ ਦੀ ਵੱਡੀ ਭੈਣ ਸੀ। ਉਨ੍ਹਾਂ ਦੀ ਦਾਦੀ ਦਾ ਨਾਂ ਦੌਲਤਾਂ ਸੀ। ਆਪ ਦੇ ਪਿਤਾ ਜੀ ਖੇਤਬਾੜੀ ਤੇ ਵਪਾਰ ਕਰਦੇ ਸਨ

ਅਤੇ ਪੜ੍ਹੇ ਲਿਖੇ ਹੋਣ ਕਾਰਨ ਪਟਵਾਰੀ ਦੀ ਜ਼ਿਮੇਵਾਰੀ ਨਿਭਾਉਦੇਂ ਸਨ ਗੁਰੂ ਨਾਨਕ ਦੇਵ ਨੂੰ ਸੱਤ ਸਾਲਾਂ ਦੀ ਉਮਰ ਵਿਚ ਸੰਨ 1476 ਅਰਥਾਤ ਸੰਮਤ 1533 ਵਿਚ ਪਾਂਧੇ ਕੋਲ ਹਿੰਦੀ ਅਤੇ ਸੰਸਕ੍ਰਿਤ ਪੜ੍ਹਨ ਲਈ ਪਾਠਸ਼ਾਲਾ ਵਿਚ ਬੈਠਾਇਆ ਗਿਆ ਅਤੇ ਸੰਸਕ੍ਰਿਤ ਭਾਸ਼ਾ 'ਤੇ ਧਾਰਮਿਕ ਗ੍ਰੰਥਾਂ ਦਾ ਗਿਆਨ ਹਾਸਿਲ ਕਰਨ ਲਈ ਪੰਡਤ ਬ੍ਰਿਜ ਲਾਲ ਕੋਲ ਗਏ ਅਤੇ ਉਪੰਰਤ ਅਰਬੀ-ਫ਼ਾਰਸੀ ਦਾ ਗਿਆਨ ਹਾਸਿਲ ਕਰਨ ਲਈ ਮੌਲਵੀ ਕੁਤੁਬੁੱਦੀਨ ਪਾਸ ਗਏ। ਆਪ ਨੇ ਦੁਨਿਆਵੀਂ ਵਿਦਿਆ ਦੇ ਨਾਲ-ਨਾਲ ਵਧੇਰੇ ਸਮਾਂ ਰੂਹਾਨੀ ਵਿਦਿਆ ਦੀ ਪ੍ਰਾਪਤੀ ਲਈ ਖ਼ਰਚ ਕੀਤਾ।

### 2.1.1 **ਬਾਲ-ਅਵਸਥਾ ਸਮੇਤ ਦੀਆਂ ਇਤਿਹਾਸਿਕ ਘਟਨਾਵਾਂ**:-

ਗੁਰੂ ਨਾਨਕ ਦੇਵ ਨੂੰ ਪਰਮ-ਸਤਿ ਦੇ ਰੱਹਸ ਦਾ ਅਨੁਭਵ ਬਾਲ ਅਵਸਥਾ ਸਮੇਂ ਹੀ ਹੋ ਗਿਆ ਸੀ। ਇਸ ਕਰਕੇ ਗੁਰੂ ਨਾਨਕ ਦੇਵ ਸੰਨ 1478 ਅਰਥਾਤ ਸੰਮਤ 1535 ਵਿਚ ਜਦੋਂ ਨੌਂ ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਮਾਤਾ ਪਿਤਾ ਨੇ ਹਿੰਦੂ ਰਸਮ ਅਨੁਸਾਰ ਉਨ੍ਹਾਂ ਦੇ 'ਜਨੇਊ' ਪਾਉਣਾ ਚਾਹਿਆ ਤਾਂ ਜਨੇਊ ਪਾਉਣ ਵਾਸਤੇ ਘਰ ਦੇ ਪੁਰੋਹਿਤ ਪੰਡਿਤ ਹਰਦਿਆਲ ਨੂੰ ਸੱਦਿਆ ਗਿਆ। ਇਸੇ ਨੇ ਬਣਾਈ ਸੀ ਜਨਮ-ਪੱਤਰੀ। ਜਨੇਊ ਪਵਾਣ ਦਾ ਅਧਿਕਾਰ ਪੁਰੋਹਿਤ ਦਾ ਹੀ ਹੁੰਦਾ ਹੈ।ਤਾਂਗੁਰੂ ਨਾਨਕ ਦੇਵ ਉਨ੍ਹਾਂ ਨੂੰ ਅਤਿ ਵਿਚਿਤ੍ਰ ਦਾਰਸ਼ਨਿਕ ਉੱਤਰ ਦਿੰਦੇ ਹਨ:

"ਦਇਆਂ ਕਪਾਹ ਸੰਤੋਖ ਸੂਤੁ ਗੰਢੀ ਵਟੁ॥

ਓਹੁ ਜਨੇਊ ਜੀਅ ਕਾ, ਹਈ ਤਾਂ ਪਾਂਡੇ ਘਤੁ॥

ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨਾ ਜਾਇ॥

ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੈ ਪਾਇ॥ "[11]

## 2.1.2 ਵਿਆਹ:-

ਗੁਰੂ ਨਾਨਕ ਦੇਵ ਦੀ ਕੁੜਮਾਈ ਉਦੋਂ ਹੋਈ ਜਦੋਂ 16 ਸਾਲ ਦੇ ਸਨ, ਸਤਿਗੁਰੂ ਨਾਨਕ ਸਾਹਿਬ ਦਾ ਵਿਆਹ ਬਟਾਲੇ ਨਗਰ ਜ਼ਿਲ੍ਹਾ ਗੁਰਦਾਸ ਦੇ ਰਹਿਣ ਵਾਲੇ ਭਾਈ ਮੂਲ ਚੰਦ ਦੀ ਪੁਤਰੀ ਸੁਲੱਖਣੀ ਨਾਲ 1487 ਈ: ਵਿਖੇ ਹੋ ਗਿਆ। ਸੰਨ 1496-97 ਈ. ਨੂੰ ਆਪ ਦੇ ਘਰ ਦੋ ਸਪੁੱਤਰ ਬਾਬਾ ਸ੍ਰੀ ਚੰਦ ਤੇ ਬਾਬਾ ਲਛਮੀ-ਦਾਸ ਜਨਮੇ। ਆਪ ਜੀ ਸੁਲਤਾਨਪੁਰ ਤਕਰੀਬਨ ਤੇਰ੍ਹਾਂ ਵਰ੍ਹੇ ਰਹੇ।

## 2.1.3 ਅਧਿਆਤਮਕ ਰਹੱਸ ਸੰਬੰਧੀ ਕੁਝ ਘਟਨਾਵਾਂ:-

ਗੁਰੂ ਨਾਨਕ ਦੇਵ ਇਸ ਸੰਸਾਰ ਵਿਚ ਸਾਧਾਰਣ ਵਿਅਕਤੀ ਵਾਂਗ ਮੋਹ ਮਾਇਆ ਦੇ ਜਾਲ ਵਿਚ ਨਹੀਂ ਫਸੇ ਹੋਏ ਸਨ। ਉਹ ਇਸ ਜਗਤ ਵਿਚ ਪਰਮ-ਸਤਿ ਦਾ ਰਹੱਸ ਵੀ ਅਨੁਭਵ ਕਰਦੇ ਸਨ। ਉਨ੍ਹਾਂ ਵਿਚ ਅਜਿਹਾ ਰਹੱਸ ਜਵਾਨੀ ਦੀ ਅਵਸਥਾ ਸਮੇਂ ਵੈਦ ਵਾਲੀ ਸਾਖੀ ਵਿਚੋਂ ਪ੍ਰਗਟ ਹੁੰਦਾ ਹੈ, ਪਰ ਭੋਲਾ ਵੈਦ ਅਜਿਹੇ ਰਹੱਸ ਤੋਂ ਅਣਜਾਣ ਹੈ:

"ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਹ॥

ਭੋਲਾ ਵੈਦੁ ਨਾ ਜਾਣਈ ਕਰਕ ਕਲੇਜੇ ਮਾਹਿ॥ "[12]

ਧਾਰਮਿਕ ਪਾਖੰਡ, ਕਰਮ ਕਾਂਡ ਤੇ ਆਮ ਜੀਵਨ ਵਿਚ ਨੈਤਿਕਤਾ ਦੇ ਪਤਨ ਨੂੰ ਦੇਖ ਕੇ ਆਪ ਉਦਾਸ ਰਹਿਣ ਲਗੇ ਜਿਸ ਕਾਰਨ ਆਪ ਦਾ ਮਨ ਦੁਨਿਆਵੀ ਕਾਰਾਂ ਵਿਹਾਰਾਂ ਤੋਂ ਨਿਰਾਸ਼ ਹੋ ਗਿਆ। ਆਪ ਬਾਹਰ ਦੂਰ ਉਜਾੜ ਵਿਚ ਜਾ ਕੇ ਸਮਾਧੀ ਸਥਿਤ ਹੋ ਕੇ ਮਾਨਵ ਦੇ ਭਲੇ ਬਾਰੇ ਸੋਚਦੇ ਅਤੇ ਉਹਨਾਂ ਦਾ ਭਲਾ ਕਰਨ ਦੀਆਂ ਵਿਉਤਾਂ ਬਣਾਉਂਦੇ। ਸਾਧੂ ਸੰਤਾ ਦੀ ਸੰਗਤ ਵਿਚ ਪ੍ਰਭੂ-ਪ੍ਰਾਪਤੀ ਲਈ ਸਾਧਨਾ ਪੱਧਤੀਆਂ ਬਾਰੇ ਵਿਚਾਰ ਚਰਚਾ ਕਰਦੇ। ਮਾਤਾ ਪਿਤਾ ਨੇ ਗੁਰੂ ਨਾਨਕ ਦੇਵ ਵਿਚ ਸੰਸਾਰੀ ਮੋਹ ਪੈਦਾ ਕਰਨ ਦੀ ਇਕ ਵਿਉਂਤ ਬਣਾਈ। ਗੁਰੂ ਨਾਨਕ ਸਾਹਿਬ ਜਦੋਂ ਪਿਤਾਪੁਰਖੀ ਧੰਦੇ ਵੱਲ ਰੁਚਿਤ ਨਾ ਹੋਏ ਤਾਂ ਆਪਦੇ ਪਿਤਾ ਨੇ ਆਪਦੀ ਵੱਡੀ ਭੈਣ ਬੀਬੀ ਨਾਨਕੀ 'ਤੇ ਉਨ੍ਹਾਂ ਦੇ ਪਤੀ ਸ੍ਰੀ ਰਾਮ ਜੀ ਨੂੰ ਇਹਨਾਂ ਨੂੰ ਸਰਕਾਰੀ ਕੰਮ ਧੰਦੇ ਤੇ ਲਗਾਉਣ ਲਈ ਆਖਿਆਂ ਤਾਂ ਉਹਨਾਂ ਨੇ ਆਪ ਨੂੰ ਸੁਲਤਾਨਪੁਰ ਵਿਖੇ 1484 ਈ: ਨੂੰ ਮੋਦੀ ਖਾਨੇ ਵਿਚ ਲਗਵਾ ਦਿੱਤਾ। ਗੁਰੂ ਨਾਨਕ ਦੇਵ ਨੂੰ ਆਪਣੇ ਰਸੂਖ ਨਾਲ ਸੁਲਤਾਨਪੁਰ ਵਿਚ ਨਵਾਬ ਦੌਲਤ ਖਾਨ ਦਾ ਕਰਮਚਾਰੀ ਬਣਾ ਦਿੱਤਾ। ਗੁਰੂ ਨਾਨਕ ਦੇਵ 'ਮਿਹਰੁਬਾਨ ਵਾਲੀ ਜਨਮਸਾਖੀ' ਅਨੁਸਾਰ ਸੁਲਤਾਨਪੁਰ ਵਿਚ 2 ਸਾਲ ਰਹੇ, ਏਥੇ ਗੁਰੂ ਨਾਨਕ ਦੇਵ ਨੇ ਮੋਦੀ ਖਾਨੇ ਵਿਚ ਰਹਿ ਕੇ ਸੱਚ 'ਤੇ ਆਧਾਰਿਤ ਹੋ ਕੇ ਆਪਣਾ ਕੰਮ ਕਰਨਾ ਆਰੰਭ ਕੀਤਾ। ਜਿਸ ਨਾਲ ਨਵਾਬ ਵੀ ਉਨ੍ਹਾਂ ਦੀ ਸੱਚ-ਪ੍ਰਸਿੱਧੀ ਉਤੇ ਬਹੁਤ ਪ੍ਰਸੰਨ ਹੋਇਆ। ਮੋਹਨਸ ਫ਼ਾਨੀ ਵੀ ਆਪਣੀ ਪੁਸਤਕ 'ਦਿਬਸਤਾਨ' ਵਿਚ ਅਜਿਹੀ ਘਟਨਾ ਦੀ ਸਾਖੀ ਭਰਦਾ ਹੈ ਕਿ ਕਿਵੇਂ ਦੌਲਤ ਖ਼ਾਨ ਨੂੰ ਲੋਕਾਂ ਦੀ ਕਹਾਵਤ ਅਨੁਸਾਰ ਖਜ਼ਾਨਾ ਲੁਟੇ ਜਾਣ ਦਾ ਸ਼ੰਕਾ ਪਾਇਆ ਗਿਆ ਪਰ ਫੇਰ ਉਸਦੀ ਨਵਿਰਤੀ ਹੋ ਗਈ। ਬਾਬਾ ਸਰੂਪ ਦਾਸ ਭੱਲਾ ਦੇ ਇਤਿਹਾਸਿਕ ਗ੍ਰੰਥ 'ਮਹਿਮਾ ਪ੍ਰਕਾਸ਼' ਵਿਚੋਂ ਦੌਲਤ ਖਾਨ ਨੂੰ ਗੁਰੂ ਨਾਨਕ ਦੇਵ ਦੇ ਸੰਤ ਹੋਣ ਦਾ ਪਤਾ ਲਗਦਾ ਹੈ ਜਿਸ ਨਾਲ ਸਾਨੂੰ ਉਨ੍ਹਾਂ ਦੇ ਪਰਮ-ਸਤਿ ਵਿਚ ਲਵਲੀਨ ਹੋਣ ਦਾ ਸੰਕੇਤ ਮਿਲਦਾ ਹੈ। ਭਾਈ ਮਰਦਾਨਾ ਸ਼ਾਪ ਦਾ ਬਾਲ ਸਖਾ ਤਲਵੰਡੀ ਆ ਕੇ ਆਪ ਪਾਸ ਰਹਿਣ ਲੱਗਾ। ਉਹ ਰਬਾਬ ਵਜਾਂਉਦਾ ਤੇ ਗੁਰੂ ਸਾਹਿਬ ਬਾਣੀ ਦਾ ਗਾਇਨ ਕਰਦੇ। ਖਬੂ ਰੰਗ-ਰਸ ਬੱਝਦਾ।

ਭਾਈ ਗੁਰਦਾਸ ਤਾਂ ਇਸ ਤੋਂ ਵੀ ਅੱਗੇ ਇਨ੍ਹਾਂ ਨੂੰ ਸਿੱਖ ਬਣਨ ਦਾ ਇਉਂ ਵਰਣਨ ਕਰਦਾ ਹੈ:

"ਦਉਲਤ ਖਾਂ ਲੋਧੀ ਭਲਾ ਹੋਇਆ, ਜਿੰਦ ਪੀਰ ਅਬਿਨਾਸੀ॥

ਮਾਲ ਮਾਂਗਾ ਸਿੱਖ ਦੁਇ ਗੁਰਬਾਣੀ ਰਸ ਰਸਿਕ ਬਿਲਾਸੀ ਨਾਨਕ॥ "[13]

ਇਸ ਸਮੇਂ ਦੇ ਦੌਰਾਨ ਗੁਰੂ ਨਾਨਕ ਦੇਵ ਦਾ ਪੂਰੀ ਤਰ੍ਹਾਂ ਪਰਮ-ਸਤਿ ਵਿਚ ਲਵਲੀਨ ਹੋਣ ਦਾ ਸੱਪਸ਼ਟ ਰੂਪ ਵਿਚ ਪਤਾ ਲਗਦਾ ਹੈ। ਇਹ ਉਨ੍ਹਾਂ ਦੀ ਪਰਮ-ਸਤਿ ਅਤੇ ਪ੍ਰਕ੍ਰਿਤੀ ਦੇ ਸੰਬੰਧਾਂ ਦੇ ਰਹੱਸ ਨੂੰ ਦਰਸਾਉਣ ਵਾਲੀ ਅਧਿਆਤਮਕ ਸੱਚ ਦੀ ਪ੍ਰਾਪਤੀ ਸੀ। ਗੁਰੂ ਨਾਨਕ ਦੇਵ ਅਜਿਹੇ ਅਧਿਆਤਮਿਕ ਅਨੁਭਵ ਤੋਂ ਪਿਛੋਂ ਲੋਕਾਂ ਨੂੰ ਪਰਮ-ਸਤਿ ਸੰਬੰਧੀ ਜਾਗ੍ਰਿਤ ਦਿੰਦੇ ਹਨ

"ਨ ਕੋਈ ਹਿੰਦੂ ਨ ਮੁਸਲਮਾਨ"

"ਆਦਿ ਸਚੁ ਜੁਗਾਦਿ ਸਚੁ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ "[14]

ਭਾਈ ਗੁਰਦਾਸ ਦੀ ਨਿਮਨ ਲਿਖਤ ਵਾਰ ਤੋਂ ਵੀ ਇਹ ਭਲੀ ਭਾਂਤ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਨੇ ਕਿਵੇਂ ਪਰਮ-ਸਤਿ ਦਾ ਅਨੁਭਵ ਕਰਕੇ ਅਧਿਆਤਮਕ ਸੱਚ ਦੀ ਬਖ਼ਸ਼ਿਸ਼ ਲੈ ਕੇ ਫਿਰ ਆਪਣਾ ਉਦੇਸ਼ ਫੈਲਾਉਣ ਲਈ ਦੇਸ਼ ਭਰ ਘੁੰਮੇ।

"ਪਹਲਾ ਬਾਬੇ ਪਾਇਆ ਬਖਸਦਰ, ਪਿਛੋਂ ਦੇ ਫਿਰ ਘਾਲ ਕਮਾਈ॥

ਭਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥

ਚੜ੍ਹਿਆ ਸੋਧਣ ਧਰਤਿ ਲੁਕਾਈ॥ "[15]

## 2.2 ਉਦਾਸੀਆਂ:-

ਇਕ ਦਿਨ ਆਪ ਨੇ ਬੇਈ ਪ੍ਰਵੇਸ਼ ਕੀਤਾ ਅਤੇ ਤਿੰਨ ਦਿਨ ਅਲੋਪ ਰਹਿਣ ਮਗਰੋਂ ਬ੍ਰਹਮ ਗਿਆਨ ਪ੍ਰਾਪਤ ਕਰਨ ਉਪਰੰਤ ਪ੍ਰਗਟ ਹੁੰਦਿਆਂ ਆਖਿਆ: "ਨਾ ਕੋ ਹਿੰਦੂ ਨ ਮੁਸਲਮਾਨ।"'ਤੇ ਗੁਰਮਤਿ ਦਾ ਪ੍ਰਚਾਰ ਕਰਨ ਲਈ ਘਰ ਬਾਰ ਤਿਆਗ ਕੇ ਉਦਾਸੀਆਂ 'ਤੇ ਨਿਕਲ ਪਏ। ਆਪ ਨੇ ਹਰ ਧਰਮ ਦੇ ਸਾਧੂ-ਸੰਤਾਂ, ਪੀਰਾਂ-ਫਕੀਰਾਂ, ਵਿਦਵਾਨਾਂ, ਮੁਰਸ਼ਦਾਂ ਆਦਿ ਨਾਲ ਸੰਬਾਦ ਰਚਾ ਕੇ ਉਹਨਾਂ ਦੇ ਮਤ ਬਾਰੇ ਸੁਣਿਆ ਅਤੇ ਆਪਣੇ ਮਤ ਦਾ ਪ੍ਰਗਟਾਵਾ ਕੀਤਾ। ਆਪ ਨੇ ਲਗਭਗ 25-26 ਹਜ਼ਾਰ ਮੀਲ ਪੈਦਲ ਯਾਤਰਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਅਜਿਹੀ ਰੱਹਸਵਾਦੀ ਸੱਚ-ਚੇਤਨਾ ਦੀ ਪ੍ਰਾਪਤੀ ਕਰਕੇ ਫਿਰ ਉਸਦੇ ਪ੍ਰਚਾਰ ਲਈ ਦੇਸ਼ ਪਰਦੇਸ਼ਾ ਦੀ ਯਾਤਰਾ ਆਂਰਭੀ ਜਿਸ ਸੰਬੰਧੀ ਭਾਈ ਗੁਰਦਾਸ ਇਉਂ ਦਰਸਾਉਂਦੇ ਹਨ।

**2.2.1 ਪਹਿਲੀ ਉਦਾਸੀ:** (ਸੰਨ 1507 ਤੋਂ 1515 ਤੱਕ) ਇਸ ਉਦਾਸੀ ਵਿੱਚ ਗੁਰੂ ਨਾਨਕ ਦੇਵ ਪਾਕਪਟਨ, ਏਮਨਾਬਾਦ, ਸਿਆਲਕੋਟ, ਚਾਂਗਾ-ਮਾਂਗਾ, ਚੂਨੀਆ, ਪਾਣੀਪਤ, ਦਿੱਲੀ, ਹਰਦਵਾਰ, ਬਨਾਰਸ, ਪਟਨਾ ਆਦਿ ਗਏ।

**2.2.2 ਦੂਜੀ ਉਦਾਸੀ**: (1517-1518) ਇਸ ਉਦਾਸੀ ਵਿਚ ਗੁਰੂ ਨਾਨਕ ਦੇਵ 'ਪੁਰਾਤਨ ਜਨਮ ਸਾਖੀ ਅਨੁਸਾਰ ਸੇਰਵੜੇ ਦੇ ਮੱਠੇ ਗਏ ਅਤੇ ਫਿਰ ਉਹ ਰਾਮੇਸ਼ਵਰ, ਸਲੁਰ ਆਦਿ ਪ੍ਰਸਿੱਧ ਥਾਵਾਂ ਤੇ ਗਏ।

**2.2.3 ਤੀਜੀ ਉਦਾਸੀ**: (1581-1521) ਤੀਜੀ ਉਦਾਸੀ ਵਿਚ ਉਨ੍ਹਾ ਕਸ਼ਮੀਰ, ਸੁਮੇਰ, ਅਚਲ, ਨੂਰਪੁਰ ਸਜਣਪੁਰ, ਕੋਟ-ਕਾਂਗੜਾ ਦੇਵੀ ਜਵਾਲਾਮੁਖੀ, ਹੇਮਕੁੰਡ, ਕਠਮੂੰਡ, ਨਿਪਾਲ, ਕੈਲਾਸ਼ ਪਰਬਤ, ਸ੍ਰੀਨਗਰ ਥਾਵਾ ਦੀ ਯਾਤਰਾ ਕੀਤੀ।

**2.2.4 ਚੌਥੀ ਉਦਾਸੀ**: (1518-1521) ਚੌਥੀ ਉਦਾਸੀ ਉਨ੍ਹਾਂ ਨੇ ਪੱਛਮ ਵਲ ਕੀਤੀ ਅਤੇ ਉਹ ਮੱਕੇ ਬਗਦਾਦ, ਮਦੀਨੇ ਆਦਿ ਸਥਾਪਨਾ ਤੇ ਉਦਾਸੀਆਂ ਕਰਕੇ ਫਿਰ ਪੰਜਾਬ ਵਾਪਸ ਆਏ। ਗੁਰੂ ਜੀ ਦੀ ਬਗ਼ਦਾਦ ਵਿਚ ਇਕ ਇਤਿਹਾਸਿਕ ਪੱਥਰ ਉੱਤੇ ਉਕਰੀਆਂ ਕੁਝ ਸਤਰਾਂ ਮਿਲੀਆ ਹਨ। ਜਿਨ੍ਹਾਂ ਨੂੰ ਪੜ੍ਹ ਕੇ ਸ਼ੰਕਾ ਹੋ ਜਾਂਦੀ ਹੈ। "ਭਾਈ ਗੁਰਦਾਸ ਵੀ ਲਿਖਦੇ ਹਨ।

"ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ॥ "[16]

ਉਦਾਸੀਆਂ ਤੋਂ ਮਗਰੋਂ ਗੁਰੂ ਨਾਨਕ ਦੇਵ ਜੀ ਪੰਜਾਬ ਵਿਚ ਕਰਤਾਰਪੁਰ ਰਹੇ ਜਿਥੇ ਉਨ੍ਹਾਂ ਨੇ ਖੇਤੀ ਦਾ ਕੰਮ ਸ਼ੁਰੂ ਕੀਤਾ। ਇਥੇ ਹੀ 'ਕੀਰਤਨ' ਦੀ ਪਰੰਪਰਾ ਆਂਰਭ ਕੀਤੀ:

ਆਪਣੀ ਪਿਛਲੀ ਉਮਰ ਵਿਚ ਗੁਰੂ ਨਾਨਕ ਦੇਵ ਨੇ ਗੁਰੂ ਅੰਗਦ ਜੀ ਨੂੰ ਗੁਰਗੱਦੀ ਬਖ਼ਸ਼ੀ ਅਤੇ ਆਪਣੀ ਜੋਤ ਗੁਰੂ ਅੰਗਦ ਵਿਚ ਜਗਾ ਦਿੱਤੀ।ਇਉਂ ਗੁਰੂ ਨਾਨਕ ਦੇਵ ਜੀ ਆਪਣੀ ਜੋਤ ਗੁਰੂ ਅੰਗਦ ਵਿਚ ਜਗਾ ਕੇ ਆਪ 22 ਸਤੰਬਰ 1539 ਈ. ਨੂੰ ਜੋਤੀ ਜੋਤ ਸਮਾਂ ਗਏ।

## 2.3 ਗੁਰੂ ਨਾਨਕ ਜੀ ਦੀ ਬਾਣੀ

ਗੁਰੂ ਨਾਨਕ ਦੇਵ ਜੀ ਜਗਤ ਗੁਰੂ ਸਨ, ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਨੂੰ ਜੀਵਨ-ਜਾਂਚ ਸਿਖਾਉਣ ਲਈ ਅਰਪਣ ਕਰ ਦਿੱਤਾ। ਗੁਰੂ ਨਾਨਕ ਸਾਹਿਬ ਨੇ ਜਨ ਸਾਧਾਰਨ ਨੂੰ ਰੂਹਾਨੀ 'ਤੇ ਦੁਨਿਆਵੀ ਉਪਦੇਸ਼ ਦੇਣ ਲਈ ਬਾਣੀ ਰਚਨਾ ਕੀਤੀ ਅਤੇ ਦੂਜਾ ਉਹਨਾਂ ਨੂੰ ਜੋ ਰੱਹਸਮਈ ਅਨੁਭਵ ਹੋਏ ਉਹਨਾਂ ਨੂੰ ਸ਼ਬਦਾਂ ਵਿਚ ਅੰਕਿਤ ਕਰਨ ਦਾ ਸਫਲ ਉਪਰਾਲਾ ਕੀਤਾ। ਆਪ ਆਪਣੀ ਬਾਣੀ ਆਪ ਲਿਖਦੇ ਸਨ। ਸਿੱਖ ਸ਼ਰਧਾਲੂ ਜਾਂ ਲਿਖਾਰੀ ਵੀ ਉਪਦੇਸ਼ ਸੁਣਦਿਆਂ ਲਿਖ ਕੇ ਸੰਭਾਲ ਲੈਂਦੇ ਸਨ। ਆਪ ਨੇ ਆਪਣੀ ਬਾਣੀ ਬਸਤੇ ਵਿਚ ਸੰਭਾਲ ਕੇ ਆਪਣੇ ਪਾਸ ਰੱਖੀ ਹੋਈ ਸੀ ਜਿਸ ਦਾ ਪ੍ਰਮਾਣ ਭਾਈ ਗੁਰਦਾਸ ਦੀ ਤੁਕ ਹੈ: ਪੁਛਿਨ ਖੋਲ ਕਿਤਾਬਾਂ ਨੂੰ ਹਿੰਦੂ ਵਡਾ ਕੇ ਮੁਸਲਮਾਨਈ। ਇਹ ਪ੍ਰਮਾਣ ਕਾਫ਼ੀ ਹੈ। ਜਦੋਂ ਆਪ ਜੀ ਨੇ ਗੁਰੂ ਅੰਗਦ ਨੂੰ ਗੁਰਗੱਦੀ ਬਖ਼ਸ਼ੀ ਜਿਥੇ ਨਾਰਿਅਲ ਰੱਖ ਕੇ ਆਪ ਨੇ ਮੱਥਾ ਟੇਕਿਆ ਉਥੇ-ਸੋ ਪੁਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ ਆਪਣੀ ਰਚਨਾ ਨਾਲ ਨਾਲ ਸੰਭਾਲਦੇ ਸਨ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਗੁਰੂ ਅਰਜਨ ਸਾਹਿਬ ਨੇ ਸਿੱਖਾਂ ਸੇਵਕਾਂ ਪਾਸੋਂ ਬਾਣੀ ਲਿਖ ਕੇ ਪਾਠ ਕਰਨ ਹਿੱਤ ਪਾਸ ਰੱਖੀਆਂ ਹੋਇਆਂ ਸਨ। ਇਹ ਗੱਲ ਸਭ ਨੇ

ਪ੍ਰਵਾਨ ਕਰ ਲਈ ਹੈ ਕਿ ਗੁਰੂ ਨਾਨਕ ਸਾਹਿਬ ਦੀ ਸੱਮੁਚੀ ਪ੍ਰਮਾਣਿਕ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਜਿਸਦਾ ਬਿਉਰਾ ਇਸ ਪ੍ਰਕਾਰ ਹੈ।

ਜਪੁਜੀ ਸਾਹਿਬ, ਰਾਗੁ ਸਿਰੀ, ਰਾਗੁ ਮਾਝ, ਰਾਗੁ ਗਉੜੀ, ਰਾਗੁ ਆਸਾ, ਰਾਗੁ ਗੂਜਰੀ, ਰਾਗੁ ਵਡੰਹਸ, ਰਾਗੁ ਸੋਰਠਿ, ਰਾਗੁ ਧਨਾਸਰੀ, ਰਾਗੁ ਤਿਲੰਗ, ਰਾਗ ਸੂਹੀ, ਰਾਗੁ ਬਿਲਾਵਲੁ, ਰਾਗੁ ਰਾਮਕਲੀ, ਰਾਗੁ ਮਾਰੂ, ਰਾਗੁ ਤੁਖਾਰੀ, ਰਾਗੁ ਭੇਰਉ, ਰਾਗੁ ਬਸੰਤ, ਰਾਗੁ ਸਾਰਗ, ਰਾਗੁ ਮਲਾਰ, ਰਾਗੁ ਪ੍ਰਭਾਤੀ।

**ਇਸ ਤਰ੍ਹਾਂ ਬਾਣੀ ਦਾ ਕੁਲ ਜੋੜ ਬਣਦਾ ਹੈ:** ਮੂਲ ਮੰਤਰ 1, ਚਉਪਦੇ 206, (ਅਸਟਪਦੀਆਂ) 121, ਛੰਤ 24, ਪਉੜੀਆਂ 116, ਸਲੋਕ 261, ਪਹਰੇ 2, ਅਲਾਹਣੀਆਂ 5, ਕੁਚਜੀ ਸੁਚਜੀ 2, ਸੋਹਲੇ 22, ਪਦੇ 199=959

**ਇਨ੍ਹਾਂ ਵਿਚ ਸੁਤੰਤਰ ਬਾਣੀਆਂ ਹਨ:**ਜਪੁ, ਪਹਰੇ, ਵਾਰ ਮਾਝ, ਪਟੀ, ਵਾਰ ਆਸਾ, ਅਲਾਹਣੀਆਂ, ਕੁਚਜੀ-ਸੁਚਜੀ, ਥਿਤੀ, ੧ਓਸਿਧ ਗੋਸਿਟ, ਬਾਰਾਮਾਹ ਅਤੇ ਵਾਰ ਮਲਾਰ।

**ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਵਿਚਾਰਧਾਰਾ:-**

ਗੁਰੂ ਨਾਨਕ ਦੇਵ ਸਿਖਾਂ ਦੇ ਪਹਿਲੇ ਸਤਿਗੁਰੂ ਅਤੇ ਸਿਖ ਧਰਮ ਦੇ ਬਾਨੀ ਸਨ ਜਿਹਨਾਂ ਨੇ ਆਪਣੇ ਨਵੇਂ ਵਿਚਾਰਾਂ ਅਤੇ ਅਮਲਾਂ ਨਾਲ ਤਤਕਾਲੀਨ ਸਮਾਜ ਤੇ ਧਰਮ ਵਿਚ ਪ੍ਰਚਲਿਤ ਕੁਰੀਤਾ ਅਤੇ ਕਰਮ-ਧਰਮ ਪਾਖੰਡ ਬਣ ਚੁੱਕੇ ਵਰਤਾਰੇ ਨੂੰ ਬਦਲਣ ਲਈ ਸਾਰੀ ਉਮਰ ਯਤਨ ਕੀਤੇ। ਕਾਮਯਾਬ ਹੋਏ। ਨਵੇਂ ਸਮਾਜ, ਧਰਮ ਅਤੇ ਸਭਿਆਚਾਰ ਨੂੰ ਜਨਮ ਦਿੱਤਾ ਜਿਸ ਦੇ ਵਿਕਾਸ ਤੇ ਵਿਗਾਸ ਲਈ ਉਹਨਾਂ ਦੇ ਨੌਂ ਉਤਰਾਧਿਕਾਰੀ ਨੇ ਨਿਰੰਤਰ ਸੰਘਰਸ਼ ਕੀਤਾ। ਇਹ ਸਭ ਕੁਝ ਜਾਤੀ ਵਿਸ਼ੇਸ਼, ਫਿਰਕਾ ਵਿਸ਼ੇਸ਼ ਜਾਂ ਸਥਾਨ ਵਿਸ਼ੇਸ਼ ਲਈ ਨਹੀਂ ਸੀ, ਇਹ ਸਾਰੀ ਮਾਨਵਤਾ ਲਈ ਸੀ। ਆਪ ਨੇ ਧਰਮਾਂ ਨੂੰ ਜੀਵਨ ਦਾ ਅਟੁੱਟ ਅੰਗ ਮੰਨਦਿਆ ਵਿਹਾਰਕ ਪੱਧਰ 'ਤੇ ਚੰਗੇਰਾ ਜੀਵਨ ਬਸਰ ਕਰਨ ਦੀ ਰਾਹ ਦੱਸੀ, ਪਾਖੰਡ, ਅੰਧ ਵਿਸ਼ਵਾਸ਼ ਆਦਿ ਦਾ ਤਿਆਗ ਕਰਕੇ ਮਾਨਵ ਨੂੰ ਬਿਨਾਂ ਕਿਸੇ ਪ੍ਰਕਾਰ ਦੇ ਵਿਤਕਰੇ 'ਤੇ ਪਿਆਰ ਕਰਨ ਜਾਂ ਆਪਣਾ ਸਮਝਣ ਦੀ ਗੱਲ ਸਾਰੀ ਦੁਨੀਆ ਨੂੰ ਆਖੀ।

ਗੁਰੂ ਨਾਨਕ ਸਾਹਿਬ ਨੇ ਨਿਰਗੁਣ ਬ੍ਰਹਮ ਨੂੰ ਆਪਣਾ ਇਸ਼ਟ ਮੰਨਦਿਆਂ ਅਵਤਾਰਵਾਦ ਨੂੰ ਸਵੀਕਾਰ ਨਹੀਂ ਕੀਤਾ। ਇਕ ਪਰਮਾਤਮਾ ਨੂੰ ਸਰਬ ਵਿਆਪਕ, ਸਰਬ ਸ਼ਕਤੀਮਾਨ, ਸਰਬ ਸਮੱਰਥ, ਨਿਰਭਉ, ਨਿਰਵੈਰ, ਅਜੋਨੀ, ਸੈਭੰ ਆਦਿ ਗੁਣਾਂ ਨਾਲ ਭਰਪੂਰ ਮੰਨਦਿਆਂ ਉਸ ਨੂੰ ਹੀ ਇਸ ਦ੍ਰਿਸ਼ਟਮਾਨ ਜਗਤ ਦਾ ਕਰਤਾ ਧਰਤਾ ਅਤੇ ਹਰਤਾ ਮੰਨਿਆਂ। ਉਹ ਨਿਰਗੁਣ ਬ੍ਰਹਮ ਆਪਾਰ ਹੈ। ਅਦ੍ਰਿਸ਼ਟ ਹੈ। ਅਗੋਚਰ ਹੈ ਜਿਸ ਕਾਰਨ ਉਹ ਮਨੁੱਖੀ ਮਨ ਬੁੱਧੀ ਤੋਂ ਪਰ੍ਹੇ ਹੈ ਉਸਦੀ ਪ੍ਰਾਪਤੀ ਕੇਵਲ ਗੁਰੂ ਪ੍ਰਸਾਦਿ ਨਾਲ ਹੀ ਸੰਭਵ ਹੈ। ਇਸ ਸ੍ਰਿਸ਼ਟੀ ਦਾ ਕਰਤਾ ਉਹ ਆਪ ਹੈ। ਉਹ ਕਣ ਕਣ ਵਿਚ ਵੱਸਦਾ ਹੈ। ਇਸ ਸ੍ਰਿਸ਼ਟੀ ਦੇ ਰਚਨਾ ਕਾਲ ਬਾਰੇ ਸਤਿਗੁਰੂ ਨੇ ਕੋਈ ਤਿਥੀ ਮਿਤੀ ਨਹੀਂ ਦਿਤੀ। ਇਸ ਦਾ ਗਿਆਨ ਕੇਵਲ ਪ੍ਰਭੂ ਨੂੰ ਹੈ। ਪ੍ਰਭੂ ਸਵੈ ਇੱਛਾ ਅਨੁਸਾਰ ਇਸ ਦੀ ਰਚਨਾ ਕਰਦਾ ਹੈ ਅਤੇ ਮੌਜ ਵਿਚ ਚਾਹੇ ਆਪਣੇ ਅੰਦਰ ਸਮੋ ਲੈਂਦਾ ਹੈ। ਇਹ ਜਗਤ ਸਤਿ (ਸੱਚ) ਹੈ ਕਿਉਂਕਿ ਇਸ ਦਾ ਕਰਤਾ ਸੱਚ ਸਰੂਪ ਪਰਮਾਤਮਾ ਹੈ

ਪਰ ਪਲ ਪਲ ਮਗਰੋ ਬਦਲ ਰਿਹਾ ਹੈ, ਇਸ ਲਈ ਅਸਤਿ ਹੈ। ਸੰਸਾਰ ਦੁੱਖਾਂ ਦਾ ਘਰ ਹੈ ਜਿਸ ਦਾ ਕਾਰਨ ਹੈ ਜੀਵਾਂ ਨੇ ਜਗਤ ਵਿਚ ਰਹਿੰਦਿਆਂ ਪ੍ਰਭੂ ਨੂੰ ਭੁਲਾ ਕੇ ਮਾਇਆ ਨਾਲ ਪਿਆਰ ਪਾ ਲਿਆ ਹੈ। ਦੁਨਿਆਵੀਂ ਸੁਖ ਵੀ ਜਦ-ਜੀਵੀ ਨਹੀਂ ਹਨ। ਸੁੱਖ ਕੁਝ ਸਮੇਂ ਮਗਰੋਂ ਦੁਖ ਵਿਚ ਬਦਲ ਜਾਂਦਾ ਹੈ। ਸਤਿਗੁਰੂ ਨੇ ਦੁਨਿਆ ਵਿਚ ਰਹਿੰਦਿਆਂ ਜੀਵ ਨੂੰ ਇਹਨਾਂ ਦੁੱਖਾਂ ਸੁੱਖਾਂ ਤੋਂ ਨਿਰਲੇਪ ਰਹਿਣ ਲਈ ਆਖਿਆ ਹੈ। ਅਜਿਹੀ ਅਵਸਥਾ ਵਿਚ ਪ੍ਰਭੂ ਨਾਲ ਪਿਆਰ ਬਣਿਆ ਰਹਿੰਦਾ ਹੈ। ਮਾਇਆ ਦਾ ਆਪਣਾ ਆਜ਼ਾਦ ਵਜੂਦ ਨਹੀਂ ਹੈ ਇਹ ਤਾਂ ਪਰਮਾਤਮਾ ਦੀ ਦਾਸੀ ਹੈ। ਜੋ ਮਾਇਆ ਦੇ ਅਧੀਨ ਹੋ ਜਾਵੇ ਉਹ ਧਰਮ ਦੇ ਮਾਰਗ ਤੋਂ ਭਟਕ ਕੇ ਜਮਾਂ ਦੇ ਮਾਰਗ 'ਤੇ ਤੁਰ ਪੈਂਦਾ ਹੈ। ਪ੍ਰਭੂ ਨਾਲ ਜੁੜਨ ਨਾਲ ਹੀ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਜੀਵ ਪਰਮਾਤਮਾ ਦਾ ਅੰਸ਼ ਹੈ ਜਿਵੇਂ ਬੂੰਦ ਸਮੁੰਦਰ ਦਾ ਅੰਸ਼ ਹੈ। ਬੂੰਦ ਉਨਾ ਚਿਰ ਬੂੰਦ ਹੈ ਜਿਨ ਚਿਰ ਉਹ ਸਮੁੰਦਰ ਤੋਂ ਵਖਰੀ ਹੈ ਜਦੋਂ ਸਾਗਰ ਵਿਚ ਸਮਾ ਜਾਂਦੀ ਹੈ ਤਾਂ ਉਸੇ ਦਾ ਰੂਪ ਧਾਰਨ ਕਰ ਲੈਂਦੀ ਹੈ। ਗੁਰੂ ਨਾਨਕ ਸਾਹਿਬ ਸਭ ਜੋਤਿ ਜੋਤਿ ਹੈ ਸੋਈ ਆਖ ਕੇ ਜੀਵ ਦੀ ਪ੍ਰਕ੍ਰਿਤੀ ਬਾਰੇ ਸਪਸ਼ਟ ਕਰਦੇ ਹਨ। ਆਤਮਾ ਜਾ ਜੀਵ ਆਤਮਾ ਅਗਿਆਨ ਵੱਸ ਆਪਣੇ ਆਪ ਨੂੰ ਸੁਤੰਤਰ ਮੰਨ ਲੈਂਦੀ ਹੈ ਜਿਸ ਕਾਰਨ ਭਰਮ ਵਸ ਮਾਇਆ ਦੇ ਰੰਗਾਂ-ਰਸਾਂ ਵਿਚ ਲੀਨ ਹੋਈ ਪ੍ਰਭੂ ਨਾਲੋਂ ਦੂਰ ਹੁੰਦੀ ਤੁਰੀ ਜਾਂਦੀ ਹੈ ਪਰ ਜਦੋਂ ਗੁਰੂ ਕਿਰਪਾ ਨਾਲ ਉਸ ਨੂੰ ਅਸਲੀਅਤ ਦਾ ਗਿਆਨ ਹੁੰਦਾ ਹੈ 'ਤੇ ਆਪਣੇ ਸਰੂਪ ਦਾ ਸਹੀ ਗਿਆਨ ਹੁੰਦਾ ਹੈ ਤਾਂ ਉਹ ਸ਼ੁਭ ਅਮਲਾਂ ਦੇ ਆਸਰੇ ਪ੍ਰਭੂ ਮਾਰਗ ਵਲ ਮੁੜਦੀ ਹੈ। ਸਿਮਰਨ ਕਰਕੇ ਪ੍ਰਭੂ ਦੀ ਸ਼ਰਣ ਵਿਚ ਜਾਂਦਿਆ ਮਾਇਆਂ ਦਾ ਪਰਦਾ ਨਸ਼ਟ ਹੋ ਜਾਂਦਾ ਹੈ ਜਿਸ ਦੇ ਫਲਸਰੂਪ ਜੀਵ ਨੂੰ ਆਪਣੇ ਸਤਿ ਸਰੂਪ ਦਾ ਗਿਆਨ ਹੋ ਜਾਂਦਾ ਹੈ। ਕਰਮ ਸਿਧਾਂਤ ਅਨੁਸਾਰ ਕੀਤੇ ਕਰਮਾਂ ਦਾ ਫਲ ਭੋਗਣ ਲਈ ਸਰੀਰ ਧਾਰਨ ਕਰਨਾ ਪੈਂਦਾ ਹੈ ਜੋ ਤਿੰਨਾਂ ਗੁਣਾਂ ਦੇ ਸੁਭਾ ਵਾਲਾ ਹੁੰਦਾ ਹੈ। ਸਰੀਰ ਦੀ ਮੌਤ ਨਾਲ ਜੀਵ ਦੀ ਮੌਤ ਨਹੀਂ ਹੁੰਦੀ। ਉਹ ਕੋਈ ਹੋਰ ਸਰੀਰ ਧਾਰਨ ਕਰਕੇ ਕਰਮਾ ਦਾ ਫਲ ਭੋਗਣ ਲਈ ਜੀਵਿਤ ਰਹਿੰਦਾ ਹੈ। ਗੁਰੂ ਨਾਨਕ ਅਨੁਸਾਰ ਮਨੁੱਖ ਸ੍ਰਿਸ਼ਟੀ ਦੇ ਜੀਵਾਂ ਵਿਚ ਰਹਿੰਦਾ ਹੈ ਜਿਸ ਕਾਰਨ ਮਨੁੱਖਾਂ ਜਨਮ ਦੁਰਲਭ ਹੈ। ਜੀਵ ਦੋ ਪ੍ਰਕਾਰ ਦੇ ਹਨ: ਅਚੇਤ ਜੋ ਪ੍ਰਭੂ/ਗੁਰੂ ਨੂੰ ਵਿਸਾਰ ਕੇ ਦੁਨਿਆਵੀ ਭੋਗਾਂ, ਰਸਾਂ, ਕਸਾਂ, ਵਿਸੇ ਵਿਕਾਰਾਂ ਵਿਚ ਉਲਝੇ ਭਟਕੇ ਰਹੇ ਹਨ ਦੁਖ ਭੁਗ ਰਹੇ ਹਨ। ਇਹਨਾਂ ਨੂੰ ਮਨਮੁੱਖ ਆਖਿਆ ਜਾਂਦਾ ਹੈ। ਦੂਸਰੇ ਸੁਚੇਤ ਜੋ ਪ੍ਰਭੂ ਗੁਰੂ ਦੀ ਸ਼ਰਣ ਵਿਚ ਹਨ। ਉਹਨਾਂ ਦਾ ਮੂੰਹ ਪ੍ਰਭੂ ਵਲ ਹੈ ਅਤੇ ਪਿੱਠ ਵਿਸ਼ੇ ਵਿਕਾਰਾਂ ਵਲ ਹੈ। ਇਹਨਾਂ ਨੂੰ ਗੁਰਮੁਖ ਆਖਿਆ ਜਾਂਦਾ ਹੈ। ਗਰੁਮੁਖ ਆਦਰਸ਼ ਮਨੁੱਖ ਹੈ ਜਿਸ ਦੀ ਜੀਵਨ ਸ਼ੈਲੀ ਅਪਨਾਉਣ ਵਾਲੇ ਸਮਾਂ ਪਾ ਕੇ ਗੁਰਮੁਖ ਬਣ ਜਾਂਦੇ ਹਨ ਤੇ ਪ੍ਰਭੂ ਨਾਲ ਇਕਮਿਕ ਹੋ ਕੇ ਪ੍ਰਭੂ ਸਰੂਪ ਬਣ ਕੇ ਜੰਮਣ ਮਰਨ ਦੇ ਗੇੜ ਵਿਚੋਂ ਨਿਕਲ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਦਾ ਮੁਕਤੀ ਦਾ ਸੰਕਲਪ ਬੜਾ ਸਪੱਸ਼ਟ ਹੈ। ਜੀਵ ਦਾ ਬ੍ਰਹਮ ਵਿਚ ਲੀਨ ਹੋਣਾ ਹੀ ਸੱਚੀ ਮੁਕਤੀ ਹੈ। ਮਾਇਆਂ ਜਾਂ ਅਗਿਆਨ ਦੇ ਨਾਸ਼ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ 'ਤੇ ਜੀਵ ਮੁਕਤ ਹੋ ਜਾਂਦਾ ਹੈ। ਮੁਕਤੀ ਪ੍ਰਾਪਤੀ ਦੇ ਸਾਧਨ ਬਾਹਰੀ ਕਰਮ, ਧਰਮ, ਪਾਖੰਡ, ਕਿਰਿਆ-ਕਰਮ ਜਾਂ ਆਡੰਬਰ ਨਹੀਂ ਹਨ। ਜੀਵ ਨੂੰ ਮੁਕਤੀ ਪ੍ਰਭੂ ਦੇ ਭਾਣੇ ਵਿਚ ਰਹਿਣ, ਗੁਰੂ ਕਿਰਪਾ ਨਾਲ ਨਾਮ ਸਿਮਰਨ ਜਾ ਪ੍ਰੇਮਾ ਭਗਤੀ ਵਿਚ ਲੀਨ ਰਹਿ ਕੇ ਸਤਿ ਸਰੂਪ ਪਰਮਾਤਮਾ ਨੂੰ ਪ੍ਰਾਪਤ ਕਰਨ ਵਿਚ ਹੈ। ਮੁਕਤੀ ਮਰਨ ਮਗਰੋ ਨਹੀਂ ਜੀਵਨ ਵਿਚ ਹੀ ਪ੍ਰਾਪਤ ਹੋ ਜਾਂਦੀ ਹੈ ਜਿਸ

ਲਈ ਸਤਿਗੁਰੂ ਦੇ ਜੀਵਨ ਮੁਕਤਿ ਸ਼ਬਦ ਦੀ ਵਰਤੋਂ ਕੀਤੀ ਹੈ। ਗੁਰਮੁਖ ਹੀ ਜੀਵਨ ਮੁਕਤ ਹੈ ਜੋ ਪੰਜਾਂ ਖੰਡਾਂ ਵਿਚ ਵਿਚਰਦਾ ਹੋਇਆ ਸੱਚਖੰਡ ਵਿਚ ਪੁੱਜ ਕੇ ਸਾਦਾ ਜੀਵਨ ਪ੍ਰਾਪਤ ਕਰਦਾ ਹੈ।

### 2.3.1 ਗੁਰੂ ਨਾਨਕ ਬਾਣੀ: ਸਾਹਿਤਕ ਵਿਸ਼ੇਸ਼ਤਾ:-

ਗੁਰੂ ਨਾਨਕ ਸਾਹਿਬ ਤਾਂ ਆਪਣੇ ਆਪ ਨੂੰ ਸ਼ਾਇਰ ਵੀ ਮੰਨਦੇ ਸਨ। ਇਹੀ ਕਾਰਣ ਹੈ ਆਪ ਦੀ ਬਾਣੀ ਕਾਵਿ ਪੱਖੋਂ ਸੰਤ ਕਾਵਿ ਨਾਲੋਂ ਬਹੁਤ ਵਿੱਲਖਣ ਤੇ ਕਾਵਿ ਗੁਣਾਂ ਨਾਲ ਭਰਪੂਰ ਹੈ। ਆਪਨੇ ਬਹੁਤ ਸਪਸ਼ਟ ਸ਼ਬਦਾਂ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਆਪ ਸਾਰਾ ਜੀਵਨ ਕੁਦਰਤ ਦੇ ਬਹੁਤ ਨੇੜੇ ਰਹੇ ਤੇ ਦੇਸ਼ ਵਿਦੇਸ਼ ਦੇ ਭਰਮਾਣ ਸਮੇਂ ਕੁਦਰਤ ਦੇ ਨਜ਼ਾਰਿਆ ਦਾ ਰੰਗ ਮਾਣਿਆ। ਇਹੀ ਕਾਰਨ ਹੈ ਕਿ ਆਪ ਦੀ ਬਾਣੀ ਵਿਚ ਕੁਦਰਤ ਦਾ ਚਿਤਰਣ ਬਹੁਤ ਰੂਹ ਨਾਲ ਕੀਤਾ ਗਿਆ ਮਿਲਦਾ ਹੈ।ਗੁਰੂ ਨਾਨਕ ਸਾਹਿਬ ਬਾਣੀ ਵਿਚ ਮੁਖ ਰੂਪ ਵਿਚ ਸ਼ਾਤ ਤੇ ਸ਼ਿੰਗਾਰ ਰਸ ਪ੍ਰਧਾਨ ਹਨ ਪਰ ਬਾਕੀ ਰਸਾਂ ਦੀਆਂ ਉਦਾਹਰਣਾਂ ਵੀ ਉਪਲਬਧ ਹਨ। ਪ੍ਰੇਮਾ ਭਗਤੀ ਦੇ ਸਿਧਾਤਾਂ ਨੂੰ ਸਤਿਗੁਰੂ ਨੇ ਮੰਨਿਆ ਤੇ ਆਪ ਨੇ ਪ੍ਰਭੂ-ਪਤੀ ਨਾਲੋਂ ਵਿਛੜੀ ਜੀਵ-ਆਤਮਾ ਦੀ ਪ੍ਰਭੂ ਦੇ ਮਿਲਾਪ ਜਾ ਪ੍ਰਾਪਤੀ ਲਈ ਬੁਹਬਲਤਾ ਨੂੰ ਬਹੁਤ ਸਰਲ ਸ਼ਬਦਾਂ ਵਿਚ ਪੇਸ਼ ਕਰਕੇ ਇਹਨਾਂ ਭਾਵਨਾਵਾਂ ਨੂੰ ਅਭਿਵਿਅਕਤ ਕੀਤਾ ਹੈ। ਇਉਂ ਪ੍ਰਭੂ ਦੇ ਵਿਯੋਗ ਤੇ ਉਸ ਦੀ ਪ੍ਰਾਪਤੀ ਦਾ ਜ਼ਿਕਰ ਕਰਦਿਆ ਸ਼ਿੰਗਾਰ ਰਸ ਦੇ ਵਿਯੋਗ ਤੇ ਸੰਯੋਗ ਦੋਨਾਂ ਪੱਖਾਂ ਨੂੰ ਪੇਸ਼ ਕੀਤਾ ਹੈ। ਇਹਨਾਂ ਵਿਚ ਪ੍ਰੇਮ ਪ੍ਰਧਾਨ ਹੈ ਵਾਸ਼ਨਾ ਨਹੀਂ ਜਿਹਾ ਕਿ ਦੁਨਿਆਵੀਂ ਪ੍ਰੇਮ ਪਿਆਰ ਦਾ ਜ਼ਿਕਰ ਕਰਨ ਸਮੇਂ ਕਵਿਤਾ ਵਿਚ ਨਿਰੂਪਤ ਹੁੰਦਾ ਆਇਆ ਹੈ।ਆਪਦਾ ਮਨੋਰਥ ਆਪਣੇ ਵਿਚਾਰਾਂ ਨੂੰ ਸ਼ੁੱਧ ਰੂਪ ਵਿਚ ਪ੍ਰਗਟ ਕਰਨਾ ਸੀ ਕਾਵਿ ਚਮਤਕਾਰ ਵਿਖਾਉਣਾ ਨਹੀਂ। ਆਪਨੇ ਪ੍ਰਚਲਿਤ ਮਾਤ੍ਰਿਕ ਛੰਦਾਂ ਨੂੰ ਹੀ ਅਪਨਾਇਆ ਹੈ। ਭਗਤੀ ਕਾਵਿ ਅਤੇ ਸੰਗੀਤ ਦਾ ਡੂੰਘਾ ਸੰਬੰਧ ਰਿਹਾ ਹੈ। ਨਿਰਗੁਣ ਤੇ ਸਰਗੁਣ ਕਾਵਿ ਦਾ ਮੁਖ ਭਾਗ ਰਾਗਬੱਧ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ 19 ਰਾਗਾਂ ਵਿਚ ਉਚਾਰੀ ਹੈ। ਆਪਨੇ ਬਾਣੀ ਦੇ ਭਾਵ ਨੂੰ ਮੁਖ ਰਖਦਿਆਂ ਰਾਗ ਸੰਬੰਧੀ ਨਿਰਣਾ ਕੀਤਾ ਹੈ। ਸ਼ਾਸਤਰੀ ਧਾਰਨਾ ਅਨੁਸਾਰ ਰਾਗਾਂ ਦੇ ਗਾਉਣ ਦਾ ਸਮਾਂ ਨਿਸ਼ਚਿਤ ਹੈ। ਸਤਿਗੁਰੂ ਨੇ ਇਹਨਾਂ ਵਿਚਾਰਾਂ ਦਾ ਖ਼ਿਆਲ ਰਖਦਿਆਂ ਆਪਣੀ ਬਾਣੀ ਲਈ ਰਾਗ ਨਿਸ਼ਚਿਤ ਕੀਤੇ ਹਨ ਤੇ ਜਦੋਂ ਰਾਗੀ/ਕੀਰਤਨੀਏ ਇਹਨਾਂ ਰਾਗਾਂ ਵਿਚ ਆਪਦੀ ਬਾਣੀ ਦਾ ਗਾਇਨ ਕਰਦੇ ਹਨ ਤਾਂ ਸ੍ਰੋਤੇ ਉਪਰ ਇੱਛਿਤ ਪ੍ਰਭਾਵ ਪੈਂਦਾ ਹੈ। ਰਾਗ ਨੇ ਆਪਦੀ ਬਾਣੀ ਨੂੰ ਹੋਰ ਵੀ ਸਾਹਿਤਕ ਰੰਗ ਪ੍ਰਦਾਨ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਬਿੰਬ ਵਿਧਾਨ ਪੱਖੋਂ ਬਹੁਤ ਬਲਵਾਨ ਹੈ। ਸਤਿਗੁਰੂ ਨੇ ਸਮਾਜਕ, ਪਰਿਵਾਰਕ ਜੀਵਨ ਵਿਚੋਂ ਬਿੰਬ ਲਏ ਹਨ। ਪ੍ਰਕਿਰਤੀ ਵਿਚੋਂ ਬਿੰਬ ਲਏ ਹਨ ਅਤੇ ਦੇਸ਼ ਦੀਆਂ ਰਾਜਨੀਤਿਕ, ਆਰਥਕ, ਸਮਾਜਕ, ਧਾਰਮਕ ਆਦਿ ਪਰਿਸਥਿਤੀਆਂ ਤੋਂ ਬਿੰਬ ਸਮੱਗਰੀ ਲਈ ਹੈ। ਇਹ ਬਿੰਬ ਗੁਰੂ ਨਾਨਕ ਸਾਹਿਬ ਦੀ ਕਾਵਿ ਉੱਚਤਤਾ ਦਾ ਪ੍ਰਮਾਣ ਹੈ।

## 2.4 ਗੁਰੂ ਨਾਨਕ ਸਾਹਿਬ: ਇਕ ਮਹਾਨ ਫ਼ਿਲਾਸਫ਼ਰ

ਗੁਰੂ ਨਾਨਕ ਸਾਹਿਬ ਸਿੱਖ ਧਰਮ ਦੇ ਬਾਨੀ ਸਨ। ਉਹ ਰੂਹਾਨੀ ਦੁਨੀਆਂ ਦੇ ਨਵੇਂ ਕਾਲ (ਯੁਗ) ਦੇ ਮੋਢੀ ਸਨ। ਕਿ ਆਪ ਇਕ "ਰੂਹਾਨੀ ਚੁੰਬਕ" ਸਨ। ਜਿਵੇਂ ਚੁੰਬਕ ਲੋਹੇ ਦੇ ਹਰ ਇਕ ਕਣ ਨੂੰ ਆਪਣੇ ਵੱਲ ਖਿਚ ਲੈਂਦਾ

ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਹਰ ਇਨਸਾਨ ਨੂੰ ਆਪਣੀ ਸਿਖਿਆ ਨਾਲ ਸਿੱਖ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਵੱਡੇ-ਵੱਡੇ ਆਲਮ-ਫ਼ਾਜ਼ਲ (ਵਿਦਵਾਨ) ਲੋਕ, ਰਾਜੇ-ਮਹਾਰਾਜੇ, ਜਗੀਰਦਾਰ, ਚੌਧਰੀ, ਅਮੀਰ ਤੇ ਸ਼ਾਹ, ਮਿਹਨਤਕਸ਼ ਤੇ ਫ਼ਕੀਰ ਆਪਣੀ ਰੂਹਾਨੀ ਸ਼ਖ਼ਸੀਅਤ ਨਾਲ ਆਪਣੇ ਮੁਰੀਦ ਬਣਾ ਲਏ ਸਨ। ਭਾਵੇਂ ਗੁਰੂ ਸਾਹਿਬ ਨੇ ਕਿਸੇ ਨੂੰ ਵੀ ਸਿੱਖ ਬਣਨ ਵਾਸਤੇ ਨਹੀਂ ਕਿਹਾ ਪਰ ਜੋ ਵੀ ਸ਼ਖ਼ਸ ਗੁਰੂ ਸਾਹਿਬ ਨੂੰ ਮਿਲਿਆ ਉਹ ਸਦਾ ਵਾਸਤੇ ਗੁਰੂ ਜੀ ਦਾ ਸਿੱਖ ਬਣ ਗਿਆ।

ਉਨ੍ਹਾਂ ਦੀਆਂ ਰਚਨਾਵਾਂ ‘‘ਬਾਬਰਵਾਣੀ’, ‘ਆਸਾ ਦੀ ਵਾਰ’,‘ਮਾਝ ਦੀ ਵਾਰ’, ‘ਸਿੱਧ ਗੋਸ਼ਟਿ’ ਵਗ਼ੈਰਾ ਉਸ ਜ਼ਮਾਨੇ ਦੀ ਕੀਮਤੀ ਰਚਨਾਵਾਂ ਹਨ। ਗੁਰੂ ਸਾਹਿਬ ਨੇ ਇਨਸਾਨ ਨੂੰ ਅਣਖ ਨਾਲ ਜੀਣ ਦਾ ਪੈਗ਼ਾਮ ਦਿਤਾ। ਬੇਗ਼ੈਰਤ ਸ਼ਖ਼ਸ ਦੀ ਜ਼ਿੰਦਗੀ ਨੂੰ ਉਨ੍ਹਾਂ ‘ਹਰਾਮ’ ਆਖਿਆ:

"ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ॥"[17]

ਗੁਰੂ ਸਾਹਿਬ ਨੇ ‘ਸਚਿਆਰ’ ਦੀ ਜ਼ਿੰਦਗੀ ਜਿਊਣ (ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ) ਦਾ ਸਬਕ ਦਿਤਾ। ਹਰ ਇਨਸਾਨ ਨੂੰ ਕਿਰਤ ਕਮਾਈ ਦੀ, ਹੱਕ-ਹਲਾਲ ਦੀ, ਈਮਾਨਦਾਰੀ ਦੀ, ਕਮਾਈ ਕਰਨੀ ਚਾਹੀਦੀ ਹੈ। ਹਰ ਇਨਸਾਨ ਦਾ ਫ਼ਰਜ਼ ਹੈ ਕਿ ਉਹ ਆਪਣੀ ਕਮਾਈ ਵਿਚੋਂ ਦਸਵੰਧ (ਕੁਝ ਹਿੱਸਾ) ਕੱਢ ਕੇ ਲੋਕਾਈ ਦੇ ਭਲੇ ਵਾਸਤੇ ਖਰਚ ਕਰੇ ਅਤੇ ਲੋੜਵੰਦਾਂ, ਅਤੇ ਮਜਬੂਰ ਤੇ ਲਾਚਾਰ ਲੋਕਾਂ ਦੀ ਮਦਦ ਕਰੇ। ਯਾਨਿ ਉਨ੍ਹਾਂ ਨੇ ਹਰ ਸਿੱਖ ਨੂੰ ਸਮਾਜ ਦਾ ਫ਼ਾਇਦੇ ਵਾਲਾ, ਜਮ੍ਹਾ ਵਾਲਾ ਹਿੱਸਾ ਬਣਾਇਆ। ਉਨ੍ਹਾਂ ਆਖਿਆ ਕਿ ਹਰ ਇਕ ਇਨਸਾਨ ਦਾ ਫ਼ਰਜ਼ ਹੈ ਕਿ ਉਹ ਲੋਕਾਈ ਦੇ ਭਲੇ ਵਿਚ ਆਪਣਾ ਵਧ ਤੋਂ ਵਧ ਹਿੱਸਾ ਪਾਵੇ। ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਕਿਰਤ ਕਰਨ ਤੇ ਵੰਡ ਛਕਣ ਦੇ ਨਾਲ-ਨਾਲ ਰੱਬ ਦਾ ਨਾਂ ਵੀ ਜਪਣਾ (ਉਸ ਨੂੰ ਹਰ ਵੇਲੇ ਯਾਦ ਰਖਣਾ) ਚਾਹੀਦਾ ਹੈ। ਰੱਬ ਦਾ ਨਾਂ ਜਪਣ ਦਾ ਮਤਲਬ ਹਰ ਵੇਲੇ ‘ਰੱਬ, ਰੱਬ’ (ਜਾ ਵਾਹਿਗੁਰੂ ਵਾਹਿਗੁਰੂ ਜਾਂ ਰਾਮ, ਰਾਮ) ਕਹੀ ਜਾਣਾ ਨਹੀਂ ਬਲਕਿ ਰੱਬ ਨੂੰ ਹਰ ਥਾਂ ਹਾਜ਼ਰ-ਨਾਜ਼ਰ ਜਾਣ ਕੇ, ਉਸ ਦੇ ਪਵਿੱਤਰ ਤੇ ਨਿਰਮਲ ਭਉ ਵਿਚ ਰਹਿ ਕੇ ਜ਼ਿੰਦਗੀ ਜੀਣੀ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਰੱਬ ‘ਨਿਰੰਕਾਰ’ ਹੈ। ਉਸ ਦਾ ਕੋਈ ਰੰਗ, ਰੂਪ, ਸ਼ਕਲ ਨਹੀਂ ਹੈ। ਇਸ ਕਰ ਕੇ ਉਸ ਦੀ ਕੋਈ ਮੂਰਤੀ ਜਾਂ ਬੁੱਤ ਵੀ ਨਹੀਂ ਹੋ ਸਕਦਾ)। ਉਹ ਕਦੇ ਵੀ ਇਨਸਾਨੀ ਰੂਪ ਵਿਚ ਨਹੀਂ ਆਉਂਦਾ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਅਕਾਲ ਪੁਰਖ ਸਾਰੀ ਦੁਨੀਆਂ ਵਿਚ ‘ਰਮਿਆ’ (ਸਮਾਇਆ) ਹੋਇਆ ਹੈ। ਅਸੀਂ ਰੱਬ ਨੰ ਉਸ ਦੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਉਸ ਦੀ ਪੈਦਾ ਕੀਤੀ ਦੁਨੀਆਂ ’ਤੇ ਅਸੀਂ ਵਿਸਮਾਦ (ਖ਼ੁਸ਼ੀ-ਭਰੀ-ਹੈਰਾਨੀ) ਜ਼ਾਹਿਰ ਕਰ ਸਕਦੇ ਹਾਂ। ।

ਗੁਰੂ ਸਾਹਿਬ ਦਾ ਸਬਕ ਸੀ ਕਿ ਇਨਸਾਨ ਨੇ ਮੁਕਤੀ ਇਸੇ ਜ਼ਿੰਦਗੀ ਵਿਚ ਹਾਸਿਲ ਕਰਨੀ ਹੈ। ਸਿੱਖ ਗੁਰੂ ਸਾਹਿਬ ਗ੍ਰਿਹਸਤ ਧਰਮ ਨੂੰ ਇਨਸਾਨ ਵਾਸਤੇ ਸਭ ਤੋਂ ਚੰਗਾ ਰਸਤਾ ਕਹਿੰਦੇ ਹਨ। ਇਸ ਦੁਨੀਆਂ ਵਿਚ ਰਹਿਣ ਵਾਲੇ ਇਨਸਾਨ ਦੀਆਂ ਕੁਝ ਬੁਨਿਆਦੀ ਜਿਸਮਾਨੀ ਲੋੜਾਂ ਵੀ ਹਨ। ਗੁਰੂ ਸਾਹਿਬ ਇਨਸਾਨ ਦੀ ਜ਼ਿੰਦਗੀ ਦੇ ਇਸ

ਪਹਿਲੂ ਨੂੰ ਰੱਦ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਇਨਸਾਨ ਨੂੰ ਮੋਹ ਮਾਇਆ ਛੱਡਣੀ ਚਾਹੀਦੀ ਹੈ ਦੁਨੀਆਂ ਨਹੀਂ। ਇਨਸਾਨ ਨੂੰ ਇਸ ਦੁਨੀਆਂ ਦੀ ਪਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ ਨਾ ਕਿ ਦੁਨੀਆਂਦਾਰੀ ਹੀ ਛੱਡ ਦੇਣੀ ਚਾਹੀਦੀ ਹੈ। ਦੁਨੀਆਂ ਤਿਆਗਣਾ ਤਾਂ ਮੈਦਾਨ ਚੋਂ ਦੌੜਨ ਵਾਲੀ ਗੱਲ ਹੈ। ਦੂਜਾ, ਦੁਨੀਆਂ ਤਿਆਗ ਕੇ ਫੇਰ ਗ੍ਰਹਿਸਤੀਆਂ ਤੋਂ ਹੀ ਬੁਨਿਆਦੀ ਜ਼ਰੂਰਤਾਂ ਵਾਸਤੇ ਮਦਦ ਮੰਗਣੀ ਪੈਂਦੀ ਹੈ, ਸੋ ਇਹ ਤਾਂ ਇਕ ਕਿਸਮ ਦਾ ਦੰਭ ਹੀ ਹੈ। ਤੀਜਾ, ਤਿਆਗ ਮਗਰੋਂ ਪਰਚਾਰ ਕਰਨ ਵਾਸਤੇ ਕਰਮ-ਖੇਤਰ ਵੀ ਤਾਂ ਗ੍ਰਹਿਸਤੀ ਲੋਕ ਹੀ ਹਨ ਤੇ ਉਨ੍ਹਾਂ ਵਿਚ ਹੀ ਸੱਚ ਦੇ ਰਸਤੇ ਦਾ ਪਰਚਾਰ ਕਰਨਾ ਹੁੰਦਾ ਹੈ। ਇਸ ਕਰ ਕੇ ਸਭ ਤੋਂ ਵਧੀਆ ਰਸਤਾ ਤਾਂ ਗ੍ਰਹਿਸਤ ਦਾ ਰਸਤਾ ਹੀ ਹੈ। ਇਨਸਾਨ ਤਾਂ ਹਸਦੇ-ਖੇਡਦੇ, ਖਾਂਦੇ-ਪੀਂਦੇ ਇਸ ਦੁਨੀਆਂ ਦੇ ਡਰਾਉਣੇ-ਦਿਸਦੇ ਸਮੁੰਦਰ ਨੂੰ ਤੈਰ ਕੇ ਲ਼ਸ਼ਫ਼ੇ ਮੁਤਾਬਿਕ ਆਪਣੇ ਆਪ ਨੂੰ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੇ ਹਉਮੈ ਤੋਂ ਬਚਾਅ ਲੈਣਾ ਹੀ ਮੁਕਤੀ ਹੈ। ਮੁਕਤੀ ਕੋਈ ਮਰਨ ਪਿੱਛੋਂ ਹਾਸਿਲ ਕਰਨ ਵਾਲੀ ਸ਼ੈਅ ਨਹੀਂ ਹੈ। ਮਰਨ ਮਗਰੋਂ ਹਾਸਿਲ ਹੋਣ ਵਾਲੀ ਤਾਂ ਅਖੌਤੀ ਮੁਕਤੀ ਹੈ (ਉਸ ਹਿਸਾਬ ਨਾਲ ਤਾਂ 'ਮੌਤ' ਹੀ ਮੁਕਤੀ ਹੈ)। ਅਸਲ ਮੁਕਤੀ ਤਾਂ 'ਜੀਵਨ-ਮੁਕਤੀ' ਹੈ ਜੋ ਇਨਸਾਨ ਜਿਊਂਦਿਆਂ ਜੀਅ ਹਾਸਿਲ ਕਰ ਸਕਦਾ ਹੈ। ਇਨਸਾਨ ਪੰਜ ਤੱਤਾਂ (ਹਵਾ, ਪਾਣੀ, ਅੱਗ, ਮਿੱਟੀ ਤੇ ਆਕਾਸ਼) ਦਾ ਬਣਿਆ ਵਜੂਦ ਹੈ। ਮਰਨ ਪਿੱਛੋਂ ਇਹ ਤੱਤ ਆਪਣੇ ਮੂਲ ਵਿਚ ਸਮਾਅ ਜਾਂਦੇ ਹਨ। ਮੌਤ ਇਨਸਾਨ ਦਾ ਅਖ਼ੀਰ ਹੈ। ਇਸ ਪਿੱਛੋਂ ਇਨਸਾਨੀ ਹਸਤੀ ਦਾ ਕੋਈ ਵਜੂਦ ਨਹੀਂ ਰਹਿੰਦਾ। ਮੁੜ-ਮੁੜ ਨਵੀਂ ਜੂਨ ਵਿਚ ਆਉਣਾ ਇਕ ਵਹਿਮ ਹੈ। ਦੁਨੀਆਂ ਵਿਚ 84 ਲੱਖ (ਯਾਨਿ ਬੇਅੰਤ) ਜੂਨਾਂ (ਕਿਸਮਾਂ) ਦੇ ਜੀ ਹਨ ਤੇ ਇਨਸਾਨ ਉਨ੍ਹਾਂ ਸਾਰਿਆਂ ਤੋਂ ਬੇਹਤਰ ਜੀਵ ਹੈ। ਪਰ ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਇਨਸਾਨੀ ਜਨਮ ਪੂਰੀਆਂ 84 ਲੱਖ ਜੂਨਾਂ ਵਿੱਚੋਂ ਲੰਘਣ ਮਗਰੋਂ ਮਿਲਦਾ ਹੈ। ਇਨਸਾਨ ਦੀ ਇਕ ਜੂਨ ਹੀ ਹੈ ਤੇ ਉਹ ਮੁੜ-ਮੁੜ ਜੂਨਾਂ ਵਿਚ ਨਹੀਂ ਆਉਂਦਾ।ਉਨ੍ਹਾਂ ਨੇ ਇਨਸਾਨ ਨੂੰ ਸਾਦੀ ਜ਼ਿੰਦਗੀ ਜਿਊਣ ਦਾ ਸਬਕ ਦਿਤਾ। ਉਨ੍ਹਾਂ ਕਿਹਾ ਕਿ ਬੰਦਾ ਆਪਣੀਆਂ ਖ਼ਾਹਿਸ਼ਾਂ ਵਧਾਉਂਦਾ-ਵਧਾਉਂਦਾ ਇਸ ਮਾਇਆ-ਜਾਲ ਵਿਚ ਫਸ ਜਾਂਦਾ ਹੈ ਤੇ ਫਿਰ ਵਧਦੀਆਂ ਖ਼ਾਹਿਸ਼ਾਂ ਦੀ ਪੂਰਤੀ ਵਾਸਤੇ ਪਾਪ ਕਰਦਾ ਹੈ। ਇਨਸਾਨ ਨੂੰ ਤਾਂ 'ਅੰਨ ਪਾਣੀ ਥੋੜ੍ਹਾ' ਖਾਣ ਦੀ ਸੋਚ ਨੂੰ ਵੀ ਅਪਣਾਉਣਾ ਚਾਹੀਦਾ ਹੈ। ਇਨਸਾਨ ਨੂੰ ਇਸ ਫ਼ਾਨੀ ਦੁਨੀਆਂ ਰੂਪੀ ਸਰਾਂ ਵਿਚ ਇਕ ਮੁਸਾਫ਼ਿਰ ਦੇ ਤੌਰ'ਤੇ ਵਿਚਰਨਾ ਚਾਹੀਦਾ ਹੈ। ਇਨਸਾਨ ਨੂੰ ਇਸ ਦੁਨੀਆਂ ਦੀ ਪਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਪਹਿਲੇ ਸ਼ਖ਼ਸ ਸਨ ਜਿਨ੍ਹਾਂ ਨੇ ਧਰਤੀ ਦੀ ਰਚਨਾ, ਇਸ ਬ੍ਰਹਿਮੰਡ ਦੀ ਬੇਅੰਤਤਾ ਬਾਰੇ ਅਜੋਕੀ ਸਾਇੰਸ ਤੋਂ ਵੀ ਅਗਲੇਰੀਆਂ ਗੱਲਾਂ ਪੇਸ਼ ਕੀਤੀਆਂ ਸਨ। ਅਜ ਜੋ ਕੁਝ ਸਾਇੰਸ ਮੰਨ ਰਹੀ ਹੈ ਉਸ ਦਾ ਬਹੁਤਾ ਹਿੱਸਾ ਗੁਰੂ ਨਾਨਕ ਸਹਿਬ ਦੀ ਬਾਣੀ ਵਿਚ ਪਹਿਲੋਂ ਹੀ ਮੌਜੂਦ ਹੈ। ਕੁਲ ਮਿਲਾ ਕਿ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਪਹਿਲੇ ਰੂਹਾਨੀ ਤਾਰੀਖ਼ਦਾਨ, ਸਾਇੰਸਦਾਨ, ਸਿਆਸੀ ਫ਼ਿਲਾਸਫ਼ਰ, ਰੂਹਾਨੀ ਸਮਾਜ-ਵਿਗਿਆਨੀ ਤੇ ਮਨੋਵਿਗਿਆਨੀ ਸਨ। ਦੁਨੀਆਂ 'ਤੇ ਅਜਿਹੀ ਲਾਸਾਨੀ ਹਸਤੀ ਨਾ ਪਹਿਲੋਂ ਹੋਈ ਸੀ ਤੇ ਨਾ ਹੀ ਉਨ੍ਹਾਂ ਤੋਂ ਮਗਰੋਂ ਨਜ਼ਰ ਆਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ:-

1. ਭਾਈ ਗੁਰਦਾਸ, ਕਬਿੱਤ ਸਵੈਯੇ, ਅੰਗ 345

2.ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ 323-324

3.ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਲਕਾ, ਪੰਨਾ 324

4.ਉਹੀ, ਪੰਨਾ

5. ਵਾਰਾਂ ਭਾਈ ਗੁਰਦਾਸ ਜੀ, ਵਾਰ ਪਹਿਲੀ, ਪਉੜੀ 27, ਅੰਗ 14

6. ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ 326

7. ਉਹੀ, ਪੰਨਾ

8.ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ 329

9. ਉਹੀ, ਪੰਨਾ

10. ਉਹੀ, ਪੰਨਾ 329-330

11. ਮ. 1, ਰਾਗ ਆਸਾ, ਵਾਰ, ਸਲੋਕ

12. ਮ. 1, ਰਾਗ ਮਲਾਰ, ਵਾਰ, ਸਲੋਕ

13. ਭਾਈ ਗੁਰਦਾਸ ਵਾਰ, 11 ਪਉੜੀ, 13

14. ਸਲੋਕ ਜਪੁ, ਮ. 1, ਅੰਗ 1

15. ਵਾਰਾਂ ਭਾਈ ਗੁਰਦਾਸ ਜੀ, ਵਾਰ 1, ਪਉੜੀ 24, ਅੰਗ 12

16. ਭਾਈ ਗੁਰਦਾਸ ਵਾਰ,1ਪਉੜੀ, 32

17. ਗੁਰੂ ਗ੍ਰੰਥ ਸਾਹਿਬ, ਅੰਗ 142

# ਅਧਿਆਇ ਤੀਜਾ

# ਮਾਝ ਦੀ ਵਾਰ ਦਾ ਵਿਸ਼ਾ ਪੱਖ

ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਵਿਚੋਂ 'ਮਾਝ ਦੀ ਵਾਰ' ਇੱਕ ਮਹਾਨ ਰਚਨਾ ਹੈ। ਗੁਰੂ ਨਾਨਕ-ਕਾਲ ਵਿਚ ਯੋਧਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਸਨ ਜਿਹਨਾਂ ਵਿਚ ਉਹਨਾਂ ਦੀ ਬੀਰਤਾ, ਅਣਖ ਆਦਿ ਦੀ ਵਧਾ ਚੜਾਅ ਕੇ ਮਹਿਮਾ ਗਾਈ ਜਾਂਦੀ ਸੀ ਪਰ ਗੁਰੂ ਨਾਨਕ ਸਾਹਿਬ ਨੇ ਇਸ ਕੂੜੀ ਮਹਿਮਾ ਗਾਉਣ ਦਾ ਤਿਆਗ ਕਰਕੇ ਪਰਮਾਤਮਾ ਦੀ ਮਹਿਮਾ ਦਾ ਗਾਉਣ ਕਰਨ ਲਈ ਇਸ ਕਾਵਿ ਰੂਪ ਨੂੰ ਅਪਣਾ ਕੇ ਨਵਾਂ ਰੰਗ ਸਾਹਿਤ ਵਿਚ ਲਿਆਂਦਾ, ਜਿਸ ਨੂੰ ਲੰਮੇ ਸਮੇਂ ਤਕ ਸਾਹਿਤਕ ਖੇਤਰ ਵਿਚ ਅਪਣਾਇਆ ਜਾਂਦਾ ਰਿਹਾ। ਇਸ ਮਗਰੋਂ ਅਧਿਆਤਮਕ ਵਾਰਾਂ ਦੀ ਪਰੰਪਰਾ ਸ਼ਕਤੀਸ਼ਾਲੀ ਰੂਪ ਧਾਰਨ ਕਰ ਗਈ। ਗੁਰੂ ਸਾਹਿਬਾਨ, ਸਿੱਖ ਭਗਤ ਕਵੀਆਂ ਤੋਂ ਇਲਾਵਾ ਹੋਰ ਭਗਤ ਕਵੀਆਂ ਨੇ ਵਾਰਾਂ ਲਿਖੀਆਂ। ਜੋ ਕਿ ਇਕ ਲੰਬੀ ਸੂਚੀ ਹੈ। ਮੇਰੇ ਖੋਜ-ਕਾਰਜ ਦਾ ਸੰਬੰਧ 'ਮਾਝ ਦੀ ਵਾਰ ਦਾ ਸਾਹਿਤਕ ਅਧਿਐਨ' ਹੋਣ ਕਰਕੇ ਇਸ ਅਧਿਆਇ ਵਿਚ 'ਮਾਝ ਦੀ ਵਾਰ ਦੇ ਵਿਸ਼ੇ ਪੱਖ ਬਾਰੇ ਗੱਲ ਕਰਾਂਗੇ।

'ਰਾਗੁ ਮਾਝ'[1]'ਗੁਰੂ ਗ੍ਰੰਥ ਸਾਹਿਬ' ਵਿਚ ਦੂਜੇ ਨੰਬਰ 'ਤੇ ਆਉਂਦਾ ਹੈ ਅਤੇ 'ਮਾਝ ਕੀ ਵਾਰ' ਗੁਰੂ ਗ੍ਰੰਥ ਸਾਹਿਬ ਵਿਚ 'ਵਾਰ ਮਾਝ ਕੀ ਤਥਾ ਸਲੋਕ ਮਹਲਾ1'[2] ਸਿਰਲੇਖ ਅਧੀਨ ਦਰਜ ਹੈ। ਮਾਝ ਰਾਗ ਦੇ ਸੰਬੰਧ ਵਿਚ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ''ਇਹ ਰਾਗ ਜੋ ਸੰਪੂਰਨ ਜਾਤਿ ਦਾ ਹੈ, ਇਸ ਵਿਚ ਰਿਸ਼ਭ ਮੱਧਮ ਪੰਚਮ ਅਤੇ ਧੈਵਤ ਸ਼ੁੱਧ ਹੈ। ਗਾਂਧਾਰ ਅਤੇ ਨਿਸ਼ਾਦ ਦੋਵੇਂ ਸ਼ੁੱਧ ਅਤੇ ਕੋਮਲ ਲਗਦੇ ਹਨ। ਗ੍ਰਹਸੁਰ ਅਤੇ ਵਾਦੀ ਸ਼ੜਜ, ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗਾਂਧਾਰ ਹੈ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।''[3]

## 3.1 ਮਾਝ ਦੀ ਵਾਰ ਦਾ ਧੁਨੀ ਵਿਧਾਨ

ਇਸ ਵਾਰ ਨੂੰ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ' ਉਪਰ ਗਾਉਣ ਦਾ ਸੰਕੇਤ ਦਿੱਤਾ ਗਿਆ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ ''ਮੁਰੀਦ ਖ਼ਾਂ ਤੇ ਚੰਦ੍ਰਹੜਾ ਦੋ ਰਾਜਪੂਤ ਸਰਦਾਰ ਹੋਏ ਹਨ। ਅਕਬਰ ਦੇ ਦਰਬਾਰ ਵਿਚ ਪਹਿਲੇ ਦੀ ਜਾਤ 'ਮਲਕ' ਅਤੇ ਦੂਜੇ ਦੀ ਜਾਤ 'ਸੋਹੀ' ਸੀ। ਦੋਹਾਂ ਦੀ ਆਪੋ ਵਿਚ ਅਣਬਣ ਸੀ। ਇਕ ਵਾਰ ਬਾਦਸ਼ਾਹ ਨੇ ਮੁਰੀਦ ਖ਼ਾਂ ਨੂੰ ਕਾਬਲ ਦੀ ਮੁਹਿੰਮ 'ਤੇ ਭੇਜਿਆ, ਉਸ ਨੇ ਉਥੇ ਵੈਰੀ ਨੂੰ ਜਿੱਤ ਤਾਂ ਲਿਆ ਪਰ ਰਾਜ-ਪ੍ਰਬੰਧ ਵਿਚ ਕੁਝ ਦੇਰ ਲੱਗ ਗਈ। ਚੰਦ੍ਰਹੜੇ ਨੇ ਅਕਬਰ ਕੋਲ ਚੁਗ਼ਲੀ ਕੀਤੀ ਕਿ ਮੁਰੀਦ ਖਾਂ ਬਾਗੀ ਹੋ ਗਿਆ ਹੈ। ਸੋ 'ਮਲਕ' ਦੇ ਵਿਰੁੱਧ ਚੰਦ੍ਰਹੜੇ ਨੂੰ ਫ਼ੌਜ ਦੇ ਕੇ ਘੱਲਿਆ ਗਿਆ। ਦੋਵੇਂ ਜੰਗ ਵਿਚ ਆਪੋ ਵਿਚ ਲੜ ਕੇ ਮਾਰੇ ਗਏ।

ਢਾਡੀਆਂ ਨੇ ਇਸ ਜੰਗ ਦੀ 'ਵਾਰ' ਲਿਖੀ ਜੋ ਦੇਸ਼ ਵਿਚ ਬਹੁਤ ਪ੍ਰਚਲਿਤ ਹੋਈ। ਗੁਰੂ ਅਰਜਨ ਸਾਹਿਬ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਵੇਲੇ ਉਪਰ ਲਿਖਿਆ ਸਿਰਲੇਖ ਦੇ ਕੇ ਆਗਿਆ ਕੀਤੀ ਕਿ ਗੁਰੂ ਅਰਜਨ ਦੇਵ ਜੀ ਦੀ ਇਹ 'ਮਾਝ ਕੀ ਵਾਰ' ਉਸ ਧੁਨੀ (ਸੁਰ) ਵਿਚ ਗਾਉਣੀ ਜਿਸ ਵਿਚ ਮੁਰੀਦ ਖਾਂ ਵਾਲੀ ਗਾਵੀਂ ਜਾਂਦੀ ਸੀ।''[4]

ਰਾਗ ਮਾਝ ਦੀ ਇਹ ਵਾਰ ਅਤੇ ਇਸ ਨਾਲ ਦਿੱਤੇ ਹੋਏ ਸਲੋਕ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਹੋਏ ਹਨ। 'ਵਾਰ' ਸਿਰਫ਼ 'ਪਉੜੀਆਂ' ਦਾ ਸੰਗ੍ਰਹਿ ਹੈ। 'ਵਾਰ' ਦਾ ਅਸਲ ਰੂਪ ਕੇਵਲ 'ਪਉੜੀਆਂ' ਹਨ। 'ਆਦਿ ਗ੍ਰੰਥ' ਦੀ ਬੀੜ ਤਿਆਰ ਕਰਨ ਵੇਲੇ ਇਹ ਸਲੋਕ ਗੁਰੂ ਅਰਜਨ ਸਾਹਿਬ ਨੇ ਆਪਣੀ ਸੰਪਾਦਕੀ ਸੁਰਤਿ ਰਾਹੀਂ ਰਲਾ ਦਿੱਤੇ ਸਨ। ਇਨ੍ਹਾਂ ਅਧਿਆਤਮਕ ਵਾਰਾਂ ਵਿਚ ਸਲੋਕ ਸ਼ਾਮਲ ਕਰਨ ਦਾ ਮੂਲ ਕਾਰਨ ਗੁਰੂ ਸਾਹਿਬਾਨ ਦੀ ਉਹ ਬਾਣੀ ਜੋ ਕਿਸੇ ਲੰਮੇ ਕਾਵਿ ਰੂਪ ਵਿਚ ਨਹੀਂ ਰਚੀ ਗਈ ਸੀ, ਉਸ ਨੂੰ ਸਹੀ ਪਰਿਪੇਖ ਵਿਚ ਸਾਂਭਣਾ ਸੀ।

'ਸਲੋਕ' (ਸ਼ਲੋਕ) ਇਕ ਲਘੂ ਕਾਵਿ ਰੂਪ ਜੋ ਕਿਸੇ ਇਕ ਸਥਿਤੀ ਜਾਂ ਇਕ ਵਿਚਾਰ ਉਪਰ ਕੇਂਦਰਿਤ ਹੁੰਦਾ ਹੈ। ਸਲੋਕ ਸ਼ਬਦ ਦੇ ਅਰਥ ਹਨ-ਪੁਕਾਰ, ਆਵਾਹਨ, ਉਸਤਤਿ ਜਾਂ ਪ੍ਰਸੰਸਾ ਆਦਿ ਹੈ। ਇਹ ਸਲੋਕ ਇਕ ਜੱਸ, ਕੀਰਤੀ ਦਾ ਗੀਤ ਹੈ। ਉਹ ਕਾਵਿ ਰੂਪ ਜਿਸ ਵਿਚ ਵਿਚਾਰ ਨੂੰ ਸੰਜਮ ਨਾਲ ਥੋੜ੍ਹੇ ਸ਼ਬਦਾਂ ਰਾਹੀਂ ਪੇਸ਼ ਕੀਤਾ ਜਾਵੇ, ਸਲੋਕ ਕਹਾਉਂਦਾ ਹੈ। ਸਲੋਕ ਦੀ ਚਾਲ ਦੋਹਿਰੇ ਵਰਗੀ ਹੁੰਦੀ ਹੈ। ਅਜਿਹੇ ਅਨੇਕਾਂ ਸਲੋਕ ਬਾਣੀ ਦਾ ਹਿੱਸਾ ਸਨ, ਜਿਨ੍ਹਾਂ ਨੂੰ ਇਕ ਰਚਨਾਤਮਕ ਤਰਤੀਬ ਵਿਚ ਸਾਂਭਣਾ ਜ਼ਰੂਰੀ ਸੀ। ਅਜਿਹੀ ਸਥਿਤੀ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਬੜੀ ਗਹਿਰ ਗੰਭੀਰ ਸੰਪਾਦਕੀ ਸੂਝ-ਬੂਝ ਰਾਹੀਂ ਅਧਿਆਤਮਕ ਵਾਰਾਂ ਵਿਚ ਸੰਪਾਦਤ ਕਰ ਦਿੱਤਾ। ਜਿਹੜੇ ਸਲੋਕ 'ਵਾਰਾਂ' ਨਾਲ ਦਰਜ ਕਰਨ ਤੋਂ ਪਿਛੋਂ ਵਧ ਗਏ, ਉਹ ਗੁਰੂ ਸਾਹਿਬ ਨੇ ਅਖ਼ੀਰ 'ਤੇ ਇਕੱਠੇ ਲਿਖ ਦਿੱਤੇ ਤੇ ਸਿਰਲੇਖ ਲਿਖਿਆ 'ਸਲੋਕ ਵਾਰਾਂ ਤੇ ਵਧੀਕ'।[5]

## 3.2 ਮਾਝ ਕੀ ਵਾਰ ਦਾ ਰਚਨਾਪੱਖ

ਜਦੋਂ ਅਸੀਂ 'ਮਾਝ ਕੀ ਵਾਰ' ਦਾ ਵਿਚਾਰਧਾਰਕ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਸ ਰਹੱਸ ਦੀ ਸਹਿਜੇ ਹੀ ਪ੍ਰਤੀਤੀ ਹੁੰਦੀ ਕਿ ਗੁਰੂ ਨਾਨਕ ਦੇਵ ਜੀ ਦਾ ਇਸ ਵਾਰ ਦੀਆਂ ਸਾਰੀਆਂ 27 ਪਉੜੀਆਂ ਵਿਚ ਅਧਿਆਤਮ ਨਾਲ ਜੁੜਿਆ ਹਰ ਵਿਚਾਰ ਅਤੇ ਰਚਨਾਤਮਕ ਅਨੁਭਵ ਬੜੀ ਗਹਿਰਾਈ ਅਤੇ ਬ੍ਰਹਿਮੰਡੀ ਅਨੁਭਵ ਵਾਲਾ ਹੈ। ਇਸ ਵਾਰ ਵਿਚ ਕੁਲ 63 ਸਲੋਕ ਹਨ। ਇਨ੍ਹਾਂ ਕੁਲ ਸ਼ਲੋਕਾਂ ਵਿਚੋਂ 46 ਸਲੋਕ ਗੁਰੂ ਨਾਨਕ ਸਾਹਿਬ ਜੀ ਦੇ ਦਰਜ ਹਨ, 12 ਸਲੋਕ ਮਹਲਾ ਦੂਜਾ ਗੁਰੂ ਅੰਗਦ ਸਾਹਿਬ ਜੀ ਦੇ ਹਨ, 3 ਸਲੋਕ ਮਹਲਾ ਤੀਜਾ ਗੁਰੂ ਅਮਰਦਾਸ ਜੀ ਦੇ ਹਨ ਅਤੇ 2 ਸਲੋਕ ਮਹਲਾ ਚੌਥਾ ਗੁਰੂ ਰਾਮਦਾਸ ਜੀ ਦੇ ਹਨ। ਕੁਲ 27 ਪਉੜੀਆਂ ਵਿਚੋਂ ਸਿਰਫ਼ 14 ਪਉੜੀਆਂ ਅਜਿਹੀਆਂ ਹਨ, ਜਿਨ੍ਹਾਂ ਨਾਲ ਸਲੋਕ ਸਿਰਫ਼ਗੁਰੂ ਨਾਨਕ ਦੇਵ ਜੀ ਦੇ ਹਨ, ਪਰ ਇਨ੍ਹਾਂ ਸ਼ਲੋਕਾਂ ਦੀ ਗਿਣਤੀ ਹਰੇਕ ਪਉੜੀ ਨਾਲ ਇਕੋ ਜੇਹੀ ਨਹੀਂ । ਬਾਕੀ 10 ਪਉੜੀਆਂ ਨਾਲ ਦੋ-ਦੋ ਸਲੋਕ ਹਨ ਅਤੇ 4 ਪਉੜੀਆਂ ਨਾਲ ਸਲੋਕ ਵੇਰਵਾ ਇਸ

ਪ੍ਰਕਾਰ ਹੈ: ਪਉੜੀ ਨੰਬਰ 1 ਨਾਲ 3 ਸਲੋਕ, ਪਉੜੀ ਨੰ. 7 ਨਾਲ 3 ਸਲੋਕ, ਪਉੜੀ ਨੰ. 9 ਨਾਲ 4 ਸਲੋਕ ਹਨ। ਪਉੜੀ ਨੰ. 3, 8, 22, 25 ਨਾਲ ਕੋਈ ਵੀ ਸਲੋਕ ਗੁਰੂ ਨਾਨਕ ਸਾਹਿਬ ਦਾ ਨਹੀਂ ਹੈ। ਬਾਕੀ ਰਹੀਆਂ 9 ਪਉੜੀਆਂ ਨਾਲ ਇਕ-ਇਕ ਸਲੋਕ ਗੁਰੂ ਨਾਨਕ ਸਾਹਿਬ ਜੀ ਦਾ ਅਤੇ ਇਕ-ਇਕ ਹੋਰ ਗੁਰੂ ਵਿਅਕਤੀ ਦਾ ਹੈ।

## 3.3 ਮਾਝ ਕੀ ਵਾਰ ਦਾ ਪਉੜੀ ਭਾਵ

'ਮਾਝ ਕੀ ਵਾਰ ਦਾ ਵਿਸ਼ਾ ਪੱਖ' ਤੋਂ ਅਧਿਐਨ ਕਰਨ ਤੋਂ ਪਹਿਲਾਂ ਵਾਰ ਵਿਚਲੀਆਂ ਪਉੜੀਆਂ ਦੇ ਭਾਵ ਨੂੰ ਸਮਝ ਲੈਣਾ ਜ਼ਰੂਰੀ ਹੈ।ਪਉੜੀ ਭਾਵ ਦਾ ਅਧਿਐਨ ਕਰਦਿਆਂ ਅਸੀਂ ਵੇਖਦੇ ਹਾਂ ਕਿ ਪਹਿਲੀ ਪਉੜੀ ਦੂਜੀ ਪਉੜੀ ਦੀ ਪਿੱਠਭੂਮੀ ਬਣੀ ਹੈ। ਪਉੜੀ ਦੇ ਖ਼ਿਆਲ ਨਾਲ ਢੁਕਵੇਂ ਸਲੋਕ ਪਉੜੀ ਭਾਵ ਦੀ ਪ੍ਰੋੜਤਾ ਕਰਦੇ ਵਿਖਾਈ ਦਿੰਦੇ ਹਨ। ਜੇਕਰ 'ਮਾਝ ਕੀ ਵਾਰ' ਦੇ ਪਉੜੀ ਭਾਵ ਨੂੰ ਵੇਖਿਆ ਜਾਵੇ ਤਾਂ ਸਮੁੱਚੀਆਂ ਪਉੜੀਆਂ ਦਾ ਕ੍ਰਮਵਾਰ ਪਉੜੀ ਭਾਵ ਦਾ ਪੈਰਾਡਾਇਮ ਇਸ ਤਰ੍ਹਾਂ ਉਸਰਦਾ ਹੈ।

(1) 'ਮਾਝ ਕੀ ਵਾਰ' ਵਿਚਲੇ ਪਉੜੀ ਭਾਵ ਨੂੰ ਜਦੋਂ ਅਸੀਂ ਵਿਚਾਰਦੇ ਹਾਂ ਤਾਂ ਗੁਰੂ ਕਵੀ ਵਾਰ ਰਚਨਾ ਦਾ ਮੂਲ ਪ੍ਰਯੋਜਨ ਕਰਦੇ ਹੋਏ ਨਾਇਕਤਿਤਵ ਦੀ ਉਸਾਰੀ ਕਰਦੇ ਹਨ। ਪਹਿਲੀ ਪਉੜੀ ਵਿਚ ਵਾਰਕਾਰ ਗੁਰੂ ਕਵੀ ਦਸਦੇ ਹਨ ਕਿ ਪ੍ਰਭੂ (ਨਾਇਕ) ਅਲਖ ਅਗੋਚਰ ਅਤੇ ਕਰਤਾ ਪੁਰਖ ਹੈ। ਵਾਰ ਵਿਚ ਨਾਇਕ ਦਾ ਸਰੂਪ ਬਾਣੀ ਸੰਸਾਰ ਵਿਚਲੇ ਆਦਿ ਬਿੰਦੂ ਅਤੇ ਅੰਤ ਬਿੰਦੂ 'ਬ੍ਰਹਮ' ਦਾ ਹੈ, ਜਿਸ ਨੂੰ ਅਸੀਂ ਆਦਿ ਬਿੰਦੂ ਵਜੋਂ 'ਮੂਲਮੰਤਰ' ਦੇ ਰੂਪ ਵਿਚ ਵੇਖ ਸਕਦੇ ਹਾਂ। ਇਸ ਵਾਰ ਦੀ ਪਹਿਲੀ ਪਉੜੀ ਵਿਚ 'ਬ੍ਰਹਮ' ਦੀ ਹੋਂਦ ਨੂੰ ਉਸਾਰਨ ਦੇ ਨਾਲ ਸਿਰਜਣਹਾਰ ਦੀ ਬਹੁ-ਰੰਗੀ, ਬ੍ਰਹਿਮੰਡੀ, ਬਹੁ-ਪਾਸਾਰੀ ਅਤੇ ਬਹੁ-ਭਾਂਤੀ ਕਰਤਾਰੀ ਰਹੱਸ ਦਾ ਚਰਿੱਤਰ ਵੀ ਉਸਾਰਿਆ ਹੈ। ਇਸ ਬਹੁ-ਰੰਗੀ ਜਗਤ ਵਿਚ ਜੀਵ 'ਨਾਮ' ਤੋਂ ਬਿਨਾ ਦੁਖੀ ਹੋ ਰਿਹਾ ਹੈ। ਇਹ ਚਰਿੱਤਰ ਇਸ ਪ੍ਰਕਾਰ ਦਾ ਹੈ:

> ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥ ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥ ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥ ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ॥ ॥੧॥[6]

(2) ਬਹੁ-ਰੰਗੀ ਪਦਾਰਥਾਂ ਦੇ ਮੋਹ ਵਿਚ ਜੀਵ ਕਰਤਾਰ ਨੂੰ ਭੁੱਲ ਜਾਂਦਾ ਹੈ ਤੇ ਇਸ ਦੇ ਅੰਦਰ ਤ੍ਰਿਸ਼ਨਾ ਦੀ ਅੱਗ ਭੜਕਦੀ ਹੈ। ਕਰਤਾ ਅਤੇ ਕਿਰਤ ਵਿਚ ਜਦੋਂ ਦਵੈਤ ਪੈਦਾ ਹੋਵੇਗੀ ਤਾਂ ਜੀਵ ਆਪਣੇ ਮਾਰਗ ਤੋਂ ਥਿੜਕ ਜਾਵੇਗਾ। ਕਰਤਾ ਅਤੇ ਕਿਰਤ ਵਿਚ ਦਵੈਤ ਦਾ ਕਾਰਨ ਮਾਇਆ ਹੈ। ਉਹ ਮਾਇਆ ਜੋ ਅੰਦਰ ਵੀ ਅਤੇ ਬਾਹਰ ਵੀ ਹੈ। ਮਾਇਆ ਅਸਲ ਵਿਚ ਮਨੁੱਖ ਦੀ ਪ੍ਰੀਖਿਆ ਹੈ।ਇਹ ਪਉੜੀ ਇਸ ਪ੍ਰਕਾਰ ਹੈ:

"ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ॥ ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ॥ ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ॥ ੨॥"[7]

(3) ਇਹ ਬਹੁ-ਰੰਗੀ ਜਗਤ ਪ੍ਰਭੂ ਆਪਣਾ ਸਰੂਪ ਹੈ, ਪਰ ਹਉਮੈ ਅਹੰਕਾਰ ਤੇ ਲੋਭ ਦੇ ਕਾਰਨ ਜੀਵ ਨੂੰ ਇਸ ਅਸਲੀਅਤ ਦੀ ਸਮਝ ਨਹੀਂ ਪੈਂਦੀ। ਤੀਜੀ ਪਉੜੀ ਵਿਚ ਪ੍ਰਭੂ ਅਤੇ ਉਸ ਦੇ ਰਚੇ ਖੇਲ ਦੀ ਲੀਲ੍ਹਾ ਦਾ ਵਰਤਾਰਾ ਹੈ। ਇਸ ਪਉੜੀ ਵਿਚ ਪ੍ਰਭੂ ਅੱਗੇ ਇਕ ਅਰਜ਼ੋਈ ਕਿ ਇਹ ਜੋ ਤੇਰੀ ਮਾਇਆ ਹੈ, ਉਸ ਮਾਇਆ ਤੋਂ ਪਾਰ ਵੀ ਉਹ ਹੀ ਕਰ ਸਕਦਾ ਹੈ। ਇਸ ਪਉੜੀ ਵਿਚ ਮਨੁੱਖ ਦੀ ਅਧੀਰ ਅਵਸਥਾ ਹੈ

ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ॥ ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ॥ ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ॥ ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ॥"[8]

(4) ਇਸ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਜੀਵ ਆਤਮਾ ਦੇ ਸੰਯੋਗ, ਵਿਯੋਗ ਦੀ ਲੀਲ੍ਹਾ ਨੂੰ ਉਸਾਰਿਆ ਹੈ। ਵਿਯੋਗ ਪਰਮਾਤਮਾ ਤੋਂ ਦੂਰ ਜਾਣ ਤੋਂ ਹੈ ਅਤੇ ਸੰਯੋਗ ਉਸ ਪਰਮਾਤਮਾ ਦੇ ਹੱਥ ਵਿਚ ਹੈ ਜਿਹੜਾ ਰੋਗ, ਸੋਗ ਅਤੇ ਭੋਗ ਤੋਂ ਮੁਕਤੀ ਦਿਵਾਉਂਦਾ ਹੈ। ਮੂਰਖ ਪਰਾਈ ਵਸਤ ਨੂੰ ਆਪਣੀ ਜਾਣ ਕੇ ਭੋਗਾਂ ਵਿਚ ਪ੍ਰਵਿਰਤ ਹੁੰਦਾ ਹੈ ਤੇ ਦੁੱਖ ਉਠਾਂਦਾ ਹੈ, ਜਿਵੇ:

ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ॥ ਮੂਰਖੁ ਭੋਗੇ ਭੋਗੁ ਦੁਖ ਸਬਾਇਆ॥ ਸੁਖਹੁ ਉਠੇ ਰੋਗ ਪਾਪ ਕਮਾਇਆ॥ ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ॥ ਮੂਰਖ ਗਣਤ ਗਣਾਇ ਝਗੜਾ ਪਾਇਆ॥ ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ॥"[9]

(5) ਗੁਰੂ ਸਾਹਿਬ ਨੇ ਇਸ ਪਉੜੀ ਵਿਚ ਬਾਣੀ ਚਿੰਤਨ ਦੀ ਮੂਲ ਵਿਚਾਰਧਾਰਾ ਇੰਝ ਪ੍ਰਗਟ ਕੀਤੀ ਹੈ:

ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥ ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥ ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥ ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥ ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ॥ ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ॥ ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ॥ ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ॥"[10]

ਇਸ ਤਪ ਦਾ ਮੁਕਤੀ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਅਨੁਸਾਰ ਅਸਲ ਤਿਆਗੀ ਹੈ ਉਹ ਜੋ ਮਾਇਆ ਵਿਚ ਰਹਿੰਦਿਆਂ ਹੋਇਆਂ ਵੀ ਉਦਾਸ ਰਹੇ। ਸੋ ਗੁਰੂ ਸਾਹਿਬ ਨੇ ਇਨ੍ਹਾਂ ਕਰਮਕਾਂਡਾਂ ਨੂੰ ਰੱਦ ਕੀਤਾ ਜੋ ਮਨੁੱਖ ਨੂੰ ਅਸਲ ਮੰਤਵ ਤੋਂ ਦੂਰ ਲੈ ਜਾਂਦੇ ਹਨ।

(6) ਗੁਰੂ ਸਾਹਿਬ ਕਹਿੰਦੇ ਹਨ ਕਿ ਵਿੱਦਿਆ ਪ੍ਰਾਪਤ ਕਰ ਕੇ ਆਗੂ-ਪ੍ਰਚਾਰਕ ਬਣਿਆਂ ਵੀ ਜੀਵ ਦਾ ਆਪਣਾ ਕੁਝ ਨਹੀਂ ਸਉਰਦਾ ਅਤੇ ਮੂਰਖ ਦਾ ਮੂਰਖ ਹੀ ਰਹਿੰਦਾ ਹੈ। ਗੁਰੂ ਅਨੁਸਾਰ ਉਹ ਪੜ੍ਹਿਆ ਹੋਇਆ ਵੀ ਮੂਰਖ ਜਿਸ ਅੰਦਰ ਤ੍ਰਿਸ਼ਨਾਵਾਂ ਹਨ ਅਤੇ ਅੰਦਰ ਲੋਭ ਅਤੇ ਹੰਕਾਰ ਦਾ ਵਾਸ ਹੈ।

> ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥ "[11]

(7) ਗੁਰੂ ਸਾਹਿਬ ਅਨੁਸਾਰ ਜਦ ਤਕ ਜੀਵ ਕੱਚ ਦਾ ਵਪਾਰੀ ਹੈ ਜਦ ਤਕ ਮਾਇਆ ਵਿਚ ਫਸਿਆ ਹੋਇਆ ਹੈ ਤਦ ਤਾਈਂ ਇਹ ਕੰਗਾਲ ਹੀ ਹੈ ਦੁਖੀ ਹੈ।

> ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ॥ ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ॥ ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ॥ ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ॥ ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ॥ ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ॥ "[12]

(8) ਗੁਰੂ ਸਾਹਿਬ ਅਨੁਸਾਰ ਮੂਰਖ ਇਸ ਬਾਗ਼ ਮਿਲਖ ਘਰ ਬਾਰ ਨੂੰ 'ਆਪਣਾ' ਸਮਝਦਾ ਹੈ, ਇਹ 'ਅਪਣੱਤ' ਹੀ ਇਸ ਦੇ ਦੁੱਖਾਂ ਦਾ ਮੂਲ ਹੈ।

> ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥ ਹਟ ਪਟਣ ਬਾਜਾਰ ਹੁਕਮੀ ਢਹਸੀਓ॥ ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥ ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥ ਤਾਜੀ ਰਥ ਤੁਖਾਰ ਹਾਥੀ ਪਾਖਰੇ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥ ਤੰਬੂ ਪਲਘ ਨਿਵਾਰ ਸਰਾਇਚੇ ਲਾਲਤੀ॥ ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥ "[13]

(9) ਗੁਰੂ ਸਾਹਿਬ ਅਨੁਸਾਰ 'ਅਪਣੱਤ' ਵਿਚ ਪੈ ਕੇ ਜੀਵ 'ਆਪੇ' ਨੂੰ ਨਹੀਂ ਪਛਾਣਦਾ, ਮਾਇਕ ਪਦਾਰਥਾਂ ਦੇ ਮੋਹ ਵਿਚ ਦੀਵਾਨਾ ਜਿਹਾ ਹੈ ਤੇ ਖਪਦਾ ਦੋਖੀ ਹੁੰਦਾ ਹੈ।

ਬਦਫੈਲੀ ਗੈਬਾਨਾ ਖਸਮੁ ਨ ਜਾਣਈ॥ ਸੋ ਕਹੀਐ ਦੇਵਾਨਾ ਆਪੁ ਨ ਪਛਾਣਈ॥ ਕਲਹਿ ਬੁਰੀ ਸੰਸਾਰਿ ਵਾਦੇ ਖਪੀਐ॥ ਵਿਣੁ ਨਾਵੈ ਵੇਕਾਰਿ ਭਰਮੇ ਪਚੀਐ॥ ''[14]

(10) ਦਸਵੀਂ ਪਉੜੀ ਵਿਚ ਗੁਰੂ ਸਾਹਿਬ ਨੇ ਮਨੁੱਖ ਦੀ ਜਾਤ ਦਾ ਵਰਣਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜਾਤ ਦੇ ਹੱਥ ਵਿਚ ਕੁਝ ਨਹੀਂ ਹੁੰਦਾ। ਇਸ ਪਉੜੀ ਵਿਚ ਗੁਰੂ ਨਾਨਕ ਨੇ ਜਾਤ-ਪਾਤ ਅਤੇ ਸ਼੍ਰੇਣਿਕ ਸਥਿਤੀ ਨੂੰ ਰੱਦ ਕਰਦਿਆਂ ਇਹ ਕਿਹਾ ਕਿ ਸੱਚੇ ਪ੍ਰਭੂ ਦੇ ਰਾਜ ਵਿਚ ਕਿਸੇ ਜਾਤ-ਪਾਤ ਦਾ ਕੋਈ ਬੰਧਨ ਨਹੀਂ। ਬਹੁ-ਰੰਗੀ ਪਦਾਰਥਾਂ ਦੇ ਭੋਗ ਮਹੁਰੇ-ਸਮਾਨ ਹਨ। ਜੋ ਵੀ ਇਹਨਾਂ ਵਿਚ ਵਸਿਆ, ਉਹੀ ਮਾਰਿਆ ਗਿਆ ਭਾਵੇਂ ਕਿਸੇ ਜਾਤਿ ਦਾ ਹੋਵੇ। 'ਜਾਤਿ' ਵੀ ਮਦਦ ਨਹੀਂ ਕਰਦੀ। ਗੁਰੂ ਨਾਨਕ ਨੇ ਮਨੁੱਖੀ ਕਰਮ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਕਿ ਪ੍ਰਭੂ ਦੇ ਹੁਕਮ ਵਿਚ ਜੋ ਕਾਰ ਕਮਾਈ ਕਰਦਾ ਉਹੀ ਸੱਚਾ ਹੈ।

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥ ਮਹੁਰਾ ਹੋਵੈ ਹਥਿ ਮਰੀਐ ਚਖੀਐ॥ ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥ ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥ ਫੁਰਮਾਨੀ ਹੈ ਕਾਰ ਖਸਮਿ ਪਠਾਇਆ॥ ਤਬਲਬਾਜ ਬੀਚਾਰ ਸਬਦਿ ਸੁਣਾਇਆ॥ ਇਕਿ ਹੋਏ ਅਸਵਾਰ ਇਕਨਾ ਸਾਖਤੀ॥ ਇਕਨੀ ਬਧੇ ਭਾਰ ਇਕਨਾ ਤਾਖਤੀ॥ ''[15]

(11) ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਬਹੁ-ਰੰਗੀ ਪਦਾਰਥਾਂ ਦੀਆਂ 'ਆਸਾਂ' ਬਣਾ-ਬਣਾ ਕੇ ਜੀਵ ਮੌਤ ਨੂੰ ਵੀ ਭੁਲਾ ਦੇਂਦਾ ਹੈ, ਆਪਣੇ ਆਪ ਨੂੰ ਚੰਗਾ ਸਮਝਦਾ ਹੈ, ਲੂਣ-ਹਰਾਮੀ ਜੀਵ ਪ੍ਰਭੂ ਦੇ ਉਪਕਾਰ ਵਿਸਾਰ ਕੇ ਦੁਖੀ ਹੁੰਦਾ ਹੈ।

ਇਕਨਾ ਮਰਣੁ ਨ ਚਿਤਿ ਆਸ ਘਣੇਰਿਆ॥ ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ॥ ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ॥ ਜਮਰਾਜੈ ਨਿਤ ਨਿਤ ਮਨਮੁਖ ਹੇਰਿਆ॥ ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ॥ ਬਧੇ ਕਰਨਿ ਸਲਾਮ ਖਸਮ ਨ ਭਾਣਿਆ॥ ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ॥ ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ॥ ''[16]

(12) ਇਸ ਪਉੜੀ ਵਿਚ ਗੁਰੂ ਸਾਹਿਬ ਜੀ ਸਮਝਾਉਂਦੇ ਹਨ ਕਿ ਜਦ ਤਕ ਜੀਵ ਦੇ ਅੰਦਰ 'ਮਾਇਆ' ਵਾਲਾ 'ਖੋਟ' ਹੈ ਤਦ ਤਕ ਇਹ ਰੱਬੀ ਦਰਗਾਹ ਤੋਂ ਦੂਰ ਹੈ। ਪਰ ਜਿਸ ਨੂੰ ਗੁਰੂ ਦੀ 'ਸਰਣ' ਪ੍ਰਾਪਤ ਹੋ ਜਾਏ ਉਹ ਖੋਟਿਓਂ ਖਰਾ ਹੋ ਜਾਂਦਾ ਹੈ।

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥ ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥ ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥ ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥ ”[17]

(13) ਗੁਰੂ ਦੇ ਸਨਮੁਖ ਹੋਇਆਂ 'ਅਪਣੱਤ' ਦਾ ਨਾਸ ਹੁੰਦਾ ਹੈ, ਬਹੁ-ਰੰਗੀ ਪਦਾਰਥਾਂ ਦੇ ਥਾਂ ਜੀਵ ਕਰਤਾਰ ਨੂੰ ਸੱਚਾ ਸਾਥੀ ਸਮਝਣ ਲੱਗ ਪੈਂਦਾ ਹੈ।

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ॥ ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ॥ ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ॥ ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ॥ ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥ ”[18]

(14) 13ਵੀਂ ਪਉੜੀ ਦਾ ਸੰਬੰਧ 14ਵੀਂ ਪਉੜੀ ਨਾਲ ਜੁੜਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਗੁਰੂ ਦੇ ਸਨਮੁਖ ਤਾਂ ਹੀ ਹੋ ਸਕਦਾ ਹੈ ਜੇ ਪ੍ਰਭੂ ਦੀ ਮਿਹਰ ਹੋਵੇ। ਗੁਰੂ ਦੀ ਸਿੱਖਿਆ 'ਤੇ ਤੁਰ ਕੇ 'ਨਾਮ' ਸਿਮਰ ਕੇ 'ਆਪਾ' ਗਵਾਈਦਾ ਹੈ, ਇਸ ਤਰ੍ਹਾਂ ਪ੍ਰਭੂ ਵਿਚ ਜੁੜਿਆਂ ਸੁਖੀ ਹੋਈਦਾ ਹੈ।

ਪੂਰੇ ਗੁਰ ਕੀ ਕਾਰ ਕਰਮਿ ਕਮਾਈਐ॥ ਗੁਰਮਤੀ ਆਪੁ ਗਵਾਇ ਨਾਮੁ ਧਿਆਈਐ॥ ਦੂਜੀ ਕਾਰੈ ਲਗਿ ਜਨਮੁ ਗਵਾਈਐ॥ ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ॥ ”[19]

(15) ਇਸ ਸਭ ਦੀ ਸੋਝੀ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰਿਆਂ ਪ੍ਰਭੂ ਦਾ 'ਨਾਮ' ਪ੍ਰਾਪਤ ਹੁੰਦਾ ਹੈ ਤੇ ਪ੍ਰਭੂ ਵਿਚ ਲੀਨ ਹੋ ਜਾਈਦਾ ਹੈ।

ਸਤਿਗੁਰੂ ਸੇਵਿ ਨਿਸੰਗੁ ਭਰਮੁ ਚੁਕਾਈਐ॥ ਸਤਿਗੁਰੂ ਆਖੈ ਕਾਰ ਸੁ ਕਾਰ ਕਮਾਈਐ॥ ਸਤਿਗੁਰੂ ਹੋਇ ਦਇਆਲੁ ਤ ਨਾਮੁ ਧਿਆਈਐ॥ ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ॥ ”[20]

(16) ਗੁਰੂ ਸਾਹਿਬ ਅਨੁਸਾਰ ਜੋ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਦੇ ਹਨ ਉਹ ਹਉਮੈ ਦੇ ਕਾਰਣ ਦੁਖੀ ਹੁੰਦੇ ਹਨ, ਗੁਰਵਾਕ ਹੈ:

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥ ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ॥ ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥ ”[21]

(17) ਗੁਰੂ ਅਨਸਾਰ 'ਨਾਮ' ਪੂਰੇ ਗੁਰੂ ਤੋਂ ਹੀ ਮਿਲਦਾ ਹੈ, ਪਰ ਗੁਰੂ ਦਾ ਰਾਹ ਛੱਡ ਕੇ ਮਨ ਦੇ ਮਗਰ ਤੁਰਨ ਵਾਲੇ ਦੁਨੀਆ ਦੇ ਧੰਦਿਆਂ ਵਿਚ ਹੀ ਠੱਗੇ ਜਾਂਦੇ ਹਨ ਤੇ ਜ਼ਿੰਦਗੀ ਵਿਅਰਥ ਗੁਆ ਲੈਂਦੇ ਹਨ।

> ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ॥ ਮੁਠੀ ਧੰਧੈ ਚੋਰਿ ਮਹਲੁ ਨ ਪਾਈਐ॥ ਏਨੈ ਚਿਤਿ ਕਠੋਰਿ ਸੇਵ ਗਵਾਈਐ॥ ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ॥ ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ॥ ਕੋਇ ਨ ਆਖੈ ਘਟਿ ਹਉਮੈ ਜਾਈਐ॥ ਲਈਅਨਿ ਖਰੇ ਪਰਖਿ ਦਰਿ ਬੀਨਾਈਐ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ॥ "[22]

(18) ਆਤਮਾ ਲਈ 'ਭਾਉ'-ਰੂਪ 'ਭੋਜਨ' ਸਤਿਗੁਰੂ ਤੋਂ ਹੀ ਮਿਲਦਾ ਹੈ।ਗੁਰੂ ਨੇ ਤ੍ਰੁੱਠ ਕੇ ਜਿਸ ਨੂੰ ਇਹ ਦਾਤਿ ਦਿੱਤੀ, ਉਸ ਦਾ ਆਤਮਾ ਖਿੜਿਆ ਰਹਿੰਦਾ ਹੈ।

> ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥ ਸਚੇ ਹੀ ਪਤੀਆਇ ਸਚਿ ਵਿਗਸਿਆ॥ ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥ ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥ ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥ "[23]

(19) ਜਗਤ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਹੈ; ਜਿਉਂ ਜਿਉਂ ਲਾਲਚ ਵਿਚ ਪ੍ਰਵਿਰਤ ਹੁੰਦਾ ਹੈ, ਇਹ ਅੱਗ ਹੋਰ ਭੜਕਦੀ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਇਹ ਬੁੱਝਦੀ ਹੈ।

> ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ॥ ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ॥ ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ॥ ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ॥ ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ॥ ਕੂੜੈ ਲਾਲਚਿ ਲਗਿ ਮਹਲੁ ਖੁਆਈਐ॥ ਸਭੁ ਜਗੁ ਠਗਿਓ ਠਗਿ ਆਈਐ ਜਾਈਐ॥ ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ॥ "[24]

(20) ਦੁਨੀਆ ਦੇ ਸਿਰ ਤੇ ਹਰ ਵੇਲੇ ਮੌਤ ਦਾ ਸਹਮ ਕਾਇਮ ਹੈ; ਦੁਨੀਆ ਦੇ ਪਦਾਰਥਾਂ ਦਾ ਸਾਥ ਨਿਭਦਾ ਨਹੀਂ ਸਾਥ ਨਿਭਦਾ ਨਹੀਂ, ਪਰ ਧੰਧਿਆਂ ਵਿਚ ਫਸਿਆ ਜੀਵ ਸਮਝਦਾ ਨਹੀਂ। ਇਹ ਸਮਝ ਸਤਿਗੁਰੂ ਦੀ ਮਿਹਰ ਨਾਲ ਹੀ ਆਉਂਦੀ ਹੈ।

> ਜੀਵਦਿਆ ਮਰੁ ਮਾਰਿ ਨ ਪਛੋਤਾਈਐ॥ ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ॥ ਸਚਿ ਨ ਧਰੇ ਪਿਆਰੁ ਧੰਧੈ ਧਾਈਐ॥ ਕਾਲੁ ਬੁਰਾ ਖੈ ਕਾਲੁ ਸਿਰਿ ਦੁਨੀਆਈਐ॥ ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ॥ ਆਪੇ

ਦੇਇ ਪਿਆਰੁ ਮੰਨਿ ਵਸਾਈਐ॥ ਮੁਹਤੁ ਨ ਚਸਾ ਵਿਲਮੁ ਭਰੀਐ ਪਾਈਐ॥ ਗੁਰ ਪਰਸਾਦੀ ਬੁਝਿ ਸਚਿ ਸਮਾਈਐ॥ "[25]

(21) ਗੁਰੂ ਸਾਹਿਬ ਅਨੁਸਾਰ ਮਨੁੱਖ ਪਿਛਲੀਆਂ ਬਣੀਆਂ 'ਵਾਦੀਆਂ' ਦੇ ਆਸਰੇ ਤੁਰਦਾ ਹੈ, ਧਾਰਮਿਕ ਪੁਸਤਕਾਂ ਦੇ ਪਾਠ ਤੇ ਵਿਖਿਆਨ ਜਾਂ ਧਾਰਮਿਕ ਭੇਖ ਦੀ ਰਾਹੀਂ 'ਵਾਦੀਆਂ' ਦੀ ਲੀਹ ਵਿਚੋਂ ਨਿਕਲ ਕੇ 'ਨਾਮ' ਵਿਚ ਲੀਨ ਨਹੀਂ ਹੋ ਸਕੀਦਾ। ਸਤਿਗੁਰੂ ਦੇ ਸ਼ਬਦ ਦੀ ਰਾਹੀਂ ਸਿਫ਼ਤਿ-ਸਾਲਾਹ ਹੀ ਪ੍ਰਭੂ ਵਿਚ ਜੋੜਦੀ ਹੈ।

ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥ ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥ ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥ ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ॥ ਮੰਨੇ ਨਾਉ ਬਿਸੰਖ ਦਰਗਹ ਪਾਵਣਾ॥ ਖਾਲਕ ਕਉ ਆਦੇਸੁ ਢਾਢੀ ਗਾਵਣਾ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥ "[26]

(22) ਇਸ ਪਉੜੀ ਵਿਚ ਗੁਰੂ ਸਾਹਿਬ ਜੀ ਦਸਦੇ ਹਨ ਕਿ ਜੋ ਮਨੁੱਖ ਗੁਰ-ਸ਼ਬਦ ਰਾਹੀਂ ਸਿਫ਼ਤਿ-ਸਾਲਾਹ ਕਰਦੇ ਹਨ, ਉਹ ਖਸਮ-ਪ੍ਰਭੂ ਦੇ ਨੇੜੇ ਹੋਣ ਕਰਕੇ ਸੋਹਣੇ ਲਗਦੇ ਹਨ, ਉਹਨਾਂ ਨਾਲ ਖਸਮ-ਪ੍ਰਭੂ ਪਿਆਰ ਕਰਦਾ ਹੈ।

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ॥ ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ॥ ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ॥ ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ॥ ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ॥ ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ॥ ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ॥ "[27]

(23) ਖਸਮ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ ਢਾਡੀ ਦਾ ਹਿਰਦਾ-ਕਉਲ ਖਿੜ ਜਾਂਦਾ ਹੈ, ਵਿਕਾਰ ਉਸ ਦੇ ਨੇੜੇ ਨਹੀਂ ਢੁਕਦੇ। ਇਹ ਸੱਚਾ ਰਸਤਾ ਉਸ ਨੂੰ ਗੁਰੂ ਤੋਂ ਮਿਲਦਾ ਹੈ।

ਖਸਮੈ ਕੈ ਦਰਬਾਰਿ ਢਾਢੀ ਵਸਿਆ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥ ਖਸਮਹੁ ਪੂਰਾ ਪਾਇ ਮਨਹੁ ਰਹਸਿਆ॥ ਦੁਸਮਨ ਕਢੇ ਮਾਰਿ ਸਜਣ ਸਰਸਿਆ॥ ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥ ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ॥ "[28]

(24) ਜਿਸ ਮਨੁੱਖ ਉਤੇ ਪ੍ਰਭੂ ਮਿਹਰ ਕਰੇ, ਉਸ ਨੂੰ ਸਤਿਗੁਰੂ ਦੀ ਸਿਫ਼ਤਿ-ਸਾਲਾਹ ਦੀ ਦਾਤਿ ਦਿੰਦਾ ਹੈ, ਉਸ ਨੂੰ ਅੰਦਰੋਂ ਹੀ 'ਨਾਮ'-ਰਤਨ ਲੱਭ ਪੈਂਦਾ ਹੈ, ਉਸ ਦੇ ਅੰਦਰ ਚਾਨਣ ਹੋ ਜਾਂਦਾ ਹੈ।

ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ॥ ਉਝੜਿ ਭੁਲੇ ਰਾਹ ਗੁਰਿ ਵੇਖਾਲਿਆ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ॥ ਪਾਇਆ ਰਤਨੁ ਘਰਾਹੁ ਦੀਵਾ ਬਾਲਿਆ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ॥ ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ॥ "[29]

(25) ਜਿਸ ਉਤੇ ਗੁਰੂ ਤ੍ਰੁੱਠਦਾ ਹੈ ਉਸ ਨੂੰ 'ਨਾਮ' ਮਿਲਦਾ ਹੈ, ਕੋਈ ਚਿੰਤਾ ਝੋਰਾ ਜਾਂ ਮੌਤ ਦਾ ਡਰ ਉਸ ਨੂੰ ਪੋਹ ਨਹੀਂ ਸਕਦਾ ਹੈ।

ਸਤਿਗੁਰੂ ਹੋਇ ਦਇਆਲੁ ਤ ਸਰਧਾ ਪੂਰੀਐ॥ ਸਤਿਗੁਰੂ ਹੋਇ ਦਇਆਲੁ ਨ ਕਬਹੂੰ ਝੂਰੀਐ॥ ਸਤਿਗੁਰੂ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥ ਸਤਿਗੁਰੂ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥ ਸਤਿਗੁਰੂ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥ ਸਤਿਗੁਰੂ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥ ਸਤਿਗੁਰੂ ਹੋਇ ਦਇਆਲੁ ਤਾ ਨਵ ਨਿਧਿ ਪਾਈਐ॥ ਸਤਿਗੁਰੂ ਹੋਇ ਦਇਆਲੁ ਤ ਸਚਿ ਸਮਾਈਐ॥ "[30]

(26) ਪ੍ਰਭੂ ਦੇ ਦਰ ਤੋਂ ਸਿਫ਼ਤਿ-ਸਾਲਾਹ ਦੀ ਦਾਤਿ ਹੀ ਮੰਗਣੀ ਚਾਹੀਦੀ ਹੈ। 'ਨਾਮ' ਦੀ ਦਾਤਿ ਜਿਨ੍ਹਾਂ ਨੂੰ ਮਿਲਦੀ ਹੈ ਉਹ ਪ੍ਰਭੂ ਦਾ ਰੂਪ ਹੋ ਜਾਂਦੇ ਹਨ।

ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ॥ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ॥ ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ॥ ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ॥ ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ॥ ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ॥ ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ॥ "[31]

(27) ਜਿਨ੍ਹਾਂ ਨੂੰ ਸਿਫ਼ਤਿ-ਸਾਲਾਹ ਦੀ ਦਾਤਿ ਮਿਲਦੀ ਹੈ, ਸਿਫ਼ਤਿ ਹੀ ਉਹਨਾਂ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦੀ ਹੈ, ਸਿਫ਼ਤਿ-ਸਾਲਾਹ ਹੀ ਉਹਨਾਂ ਲਈ ਆਦਰ-ਸਤਕਾਰ ਹੈ ਕਿਉਂਕਿ ਸਿਫ਼ਤਿ ਦੀ ਰਾਹੀਂ ਉਹਨਾਂ ਨੂੰ ਸਿਫ਼ਤਾਂ ਦਾ ਮਾਲਕ ਮਿਲ ਪੈਂਦਾ ਹੈ।

ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥ ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥ "[32]

'ਮਾਝ ਕੀ ਵਾਰ' ਵਿਚ ਗੁਰੂ ਨਾਨਕ ਸਾਹਿਬ ਨੇ ਗੁਰਮੁਖ ਅਤੇ ਮਨਮੁਖ ਵਿਚ ਵੀ ਨਿਖੇੜਾ ਪ੍ਰਸਤੁਤ ਕੀਤਾ । ਮਨੁੱਖ ਨੂੰ ਸਪੱਸ਼ਟ ਸਮਝਾਇਆ ਹੈ ਕਿ ਉਹ ਪਰਮਾਤਮਾ ਨਾਲੋਂ ਜ਼ਿਆਦਾ ਉਸ ਦੁਆਰਾ ਦਿੱਤੀਆਂ ਹੋਈਆਂ ਦਾਤਾਂ ਨਾਲ ਪਿਆਰ ਕਰਦਾ ਹੈ। ਉਹ ਮਨੁੱਖ ਜੋ ਆਪਣੇ ਆਪ ਨੂੰ ਉਸ ਪਰਮਾਤਮਾ ਤੋਂ ਵੀ ਜ਼ਿਆਦਾ ਸਿਆਣਾ ਸਮਝਦਾ ਅਤੇ ਸੋਚਦਾ ਹੈ ਕਿ ਉਸ ਦੇ ਦੁਆਰਾ ਕੀਤੇ ਗਏ ਬੁਰੇ ਕੰਮਾਂ ਨੂੰ ਕੋਈ ਵੀ ਨਹੀਂ ਪਕੜ ਸਕਦਾ, ਅਜਿਹੇ ਮਨੁੱਖ ਮਨਮੁਖ ਹਨ। ਪਰ ਅੱਗੇ ਗੁਰੂ ਸਾਹਿਬਾਨ ਉਸ ਪਰਮਾਤਮਾ ਕੋਲ ਇਹ ਅਰਦਾਸ ਕਰਦੇ ਨਜ਼ਰ ਆਦੇ ਹਨ ਕਿ ਉਹ ਆਪਣੇ ਚਰਨਾਂ ਨਾਲ ਲਗਾ ਕੇ ਰੱਖੇ ਕਿਕਿ ਉਸ ਦੀ ਪਿਾ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ।

> ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥ ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥ ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੁਛੈ ਜਾਤਿ॥ ਸਤਵੈ ਸੰਜਿ ਕੀਆ ਘਰ ਵਾਸੁ॥ ਅਠਵੈ ਕ੍ਰੋਧੁ ਹੋਆ ਤਨ ਨਾਸੁ॥ ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥ ਗਏ ਸਿਗੀਤ ਪੁਕਾਰੀ ਧਾਹ॥ ਉਡਿਆ ਹੰਸੁ ਦਸਾਏ ਰਾਹ॥ ਆਇਆ ਗਇਆ ਮੁਇਆ ਨਾਉ॥ ਪਿਛੈ ਪਤਲਿ ਸਦਿਹੁ ਕਾਵ॥ ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥ "[33]

ਇਸੇ ਤਰ੍ਹਾਂ ਹੀ ਵਾਰ ਦੇ ਅਗਲੇ ਸਲੋਕ ਵਿਚ ਮਨੁੱਖੀ ਉਮਰ ਦੇ 90 ਸਾਲਾਂ ਨੂੰ ਦਸ ਹਿੱਸਿਆਂ ਵਿਚ ਵੰਡ ਕੇ ਗੁਰੂ ਕਵੀ ਨੇ ਇਹ ਦੱਸਿਆ ਹੈ ਕਿ ਉਮਰ ਦੇ ਹਰ ਹਿੱਸੇ ਵਿਚ ਮਨੁੱਖ ਕਿਸੇ ਨਾ ਕਿਸੇ ਮੋਹ ਪਿਆਰ ਵਿਚ ਉਲਝਿਆ ਰਹਿੰਦਾ ਹੈ ਇਸ ਸਮੱਸਿਆ ਦਾ ਹੱਲ ਗੁਰੂ ਦਾ ਗਿਆਨ ਹੈ।

> ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥ ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥ ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥ ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥ ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥ "[34]

ਗੁਰੂ ਕਵੀ ਕਹਿੰਦੇ ਹਨ ਕਿ ਮੁਸਲਮਾਨ ਕਹਾਉਣਾ ਹੀ ਸੌਖਾ ਨਹੀਂ ਬਲਕਿ ਖ਼ੁਦਾ ਦੇ ਹਰ ਕੀਤੇ ਨੂੰ ਸਿਰ ਮੱਥੇ ਮੰਨਣਾ ਅਤੇ ਰੱਬ ਦੇ ਸਾਰੇ ਬੰਦਿਆਂ ਨਾਲ ਪਿਆਰ ਕਰਨਾ ਹੀ ਮੁਸਲਮਾਨ ਅਖਵਾਉਣਾ ਹੈ।ਮੁਸਲਮਾਨ ਦੇ ਅਕੀਦੇ ਪ੍ਰਤੀ ਗੁਰੂ ਕਵੀ ਕਹਿੰਦੇ ਹਨ:

> ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ ੧॥ ਮ ੧॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ਗੁਰੂ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ ੨॥ ਮ ੧॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ

ਨਾਉ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥ ੩॥

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥ ”[35]

ਗੁਰੂ ਸਾਹਿਬ ਨੇ ਪ੍ਰਤੀਕਾਂ ਅਤੇ ਬਿੰਬਾਂ ਦੀ ਸਿਰਜਣਾ ਬੜੇ ਕਮਾਲ ਦੀ ਕੀਤੀ । ਉਨ੍ਹਾਂ ਅਨੁਸਾਰ ਜੇ ਕੈਹਾਂ, ਸੋਨਾ ਜਾਂ ਲੋਹਾ ਟੁੱਟ ਜਾਏ, ਅੱਗ ਨਾਲ ਲੋਹਾਰ ਗਾਂਢਾ ਲਾ ਦੇਂਦਾ ਹੈ, ਜੇ ਵਹੁਟੀ ਨਾਲ ਖਸਮ ਨਾਰਾਜ਼ ਹੋ ਜਾਏ ਤਾਂ ਜਗਤ ਵਿਚ ਜੋੜ ਪੁੱਤਰਾਂ ਦੀ ਰਾਹੀਂ ਬਣਦਾ ਹੈ। ਮੁਏ ਬੰਦਿਆਂ ਦਾ ਜਗਤ ਨਾਲ ਸੰਬੰਧ ਬਣਿਆ ਰਹਿੰਦਾ ਹੈ, ਭਾਵ ਪਿਛੋਂ ਲੋਕ ਯਾਦ ਕਰਦੇ ਹਨ ਜੇ ਮਨੁੱਖ ਭਲਾਈ ਤੇ ਦਾਨ ਕਰਦਾ ਰਹੇ। ਇਸ ਤਰ੍ਹਾਂ ਦੇ ਸੰਬੰਧ ਨਾਲ ਜਗਤ ਦਾ ਵਿਹਾਰ ਚੱਲਦਾ ਹੈ। ਮੂੰਹ ’ਤੇ ਮਾਰ ਪਿਆਂ ਮੂਰਖ ਦੇ ਮੂਰਖ-ਪੁਣੇ ਨੂੰ ਰੋਕ ਪੈਂਦੀ ਹੈ।

ਕੈਹਾ ਕੰਚਨੁ ਤੁਟੈ ਸਾਰੁ॥ ਅਗਨੀ ਗੰਢੁ ਪਾਏ ਲੋਹਾਰੁ॥ ਗੋਰੀ ਸੇਤੀ ਤੁਟੈ ਭਤਾਰੁ॥ ਪੁਤੀਂ ਗੰਢੁ ਪਵੈ ਸੰਸਾਰਿ॥ ਰਾਜਾ ਮੰਗੈ ਦਿਤੈ ਗੰਢੁ ਪਾਇ॥ ਭੁਖਿਆ ਗੰਢੁ ਪਵੈ ਜਾ ਖਾਇ॥ ਕਾਲਾ ਗੰਢੁ ਨਦੀਆ ਮੀਹ ਝੋਲ॥ ਗੰਢੁ ਪਰੀਤੀ ਮਿਠੇ ਬੋਲ॥ ਬੇਦਾ ਗੰਢੁ ਬੋਲੇ ਸਚੁ ਕੋਇ॥ ਮੁਇਆ ਗੰਢੁ ਨੇਕੀ ਸਤੁ ਹੋਇ॥ ਏਤੁ ਗੰਢਿ ਵਰਤੈ ਸੰਸਾਰੁ॥ ਮੂਰਖ ਗੰਢੁ ਪਵੈ ਮੁਹਿ ਮਾਰ॥ ਨਾਨਕੁ ਆਖੈ ਏਹੁ ਬੀਚਾਰੁ॥ ਸਿਫਤੀ ਗੰਢੁ ਪਵੈ ਦਰਬਾਰਿ॥ ”[36]

ਗੁਰੂ ਨਾਨਕ ਬਾਣੀ ਦੀ ਖਾਸ ਵਿਲੱਖਣਤਾ ਇਹ ਕਿ ਉਨ੍ਹਾਂ ਨੇ ਜਿਸ ਨੂੰ ਵੀ ਉਪਦੇਸ਼ ਦਿੱਤਾ ਹੈ, ਉਸੇ ਦੀ ਭਾਸ਼ਾ ਵਿਚ ਹੀ ਦਿੱਤਾ ਹੈ। ਫ਼ਾਰਸੀ ਭਾਸ਼ਾ ਵਿਚ ਗੁਰੂ ਸਾਹਿਬ ਦਾ ਪ੍ਰਮਾਣ ਪੇਸ਼ ਹੈ:

ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ॥

ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ॥ ਏਕ ਤੂਹੀ ਏਕ ਤੁਹੀ॥ ੧॥ ਮ ੧॥

---------------------------------

ਨਾਨਕ ਲਿਲਾਰਿ ਲਿਖਿਆ ਸੋਇ॥ ਮੇਟਿ ਨ ਸਾਕੈ ਕੋਇ॥

ਕਲਾ ਧਰੈ ਹਿਰੈ ਸੁਈ॥ ਏਕੁ ਤੁਈ ਏਕੁ ਤੁਈ॥ ”[37]

ਗੁਰੂ ਸਾਹਿਬ ਦਾ ਕਹਿਣਾ ਕਿ ਜੇ ਕਰਤਾ ਆਪਣੀ ਆਈ ’ਤੇ ਆ ਜਾਵੇ ਤਾਂ ਉਹ ਸ਼ੇਰਾਂ, ਬਾਜਾਂ, ਚਰਗਾਂ, ਕੁਹੀਆ ਆਦਿ ਮਾਸਾਹਾਰੀਆਂ ਨੂੰ ਘਾਹ ਖਵਾ ਦੇਂਦਾ ਹੈ। ਜੋ ਘਾਹ ਖਾਂਦੇ ਹਨ ਉਹਨਾਂ ਨੂੰ ਮਾਸ ਖਵਾ ਦਿੰਦਾ ਹੈ। ਪ੍ਰਭੂ ਵਗਦੀਆਂ ਨਦੀਆਂ ਵਿਚ ਟਿੱਬੇ ਵਿਖਾਲ ਦੇਂਦਾ ਹੈ, ਰੇਤਲੇ ਥਾਵਾਂ ਨੂੰ ਡੂੰਘੇ ਪਾਣੀ ਬਣਾ ਦੇਂਦਾ ਹੈ। ਕੀੜੇ ਨੂੰ ਬਾਦਸ਼ਾਹੀ ਉੱਤੇ ਥਾਪ ਦੇਂਦਾ ਹੈਅਤੇ ਬਾਦਸ਼ਾਹਾਂ ਦੇ ਲਸ਼ਕਰਾਂ ਨੂੰ ਸੁਆਹ ਕਰ ਦਿੰਦਾ ਹੈ। ਜਿੰਨੇ ਵੀ ਜੀਵ ਜਗਤ ਵਿਚ ਜੀਊਂਦੇ ਹਨ, ਸਾਹ ਲੈ ਕੇ ਜੀਊਂਦੇ ਹਨ, ਤਦ ਤਕ ਜੀਊਂਦੇ ਹਨ ਜਦ ਤਕ ਸਾਹ ਲੈਂਦੇ ਹਨ। ਪਰ ਜੇ ਪ੍ਰਭੂ ਜੀਊਂਦੇ ਰੱਖਣੇ ਚਾਹੇ, ਤਾਂ ‘ਸਾਹ’ ਦੀ ਵੀ ਕੀਹ ਮੁਥਾਜੀ ਹੈ? ਗੁਰਵਾਕ :

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥ ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥ ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥ ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥ ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥ ”[38]

‘ਮਾਝ ਕੀ ਵਾਰ’ ਵਿਚ ਗੁਰੂ ਸਾਹਿਬਾਨ ਮਨੁੱਖ ਦੇ ਆਵਾਗਮਨ ਚੱਕਰਾਂ ਨੂੰ ਵੀ ਸਮਝਾਉਂਦੇ ਹਨ। ਉਹ ਖੁਲਾਸਾ ਕਰਦੇ ਹਨ ਕਿ ਇਨ੍ਹਾਂ ਸਾਰੇ ਜੀਵਾਂ ਦੇ ਜੰਮਣ-ਮਰਨ ਦਾ ਕਾਰਨ ਪਾਪ ਹਨ, ਭਾਵ ਇਹ ਗੁਨਾਹਾਂ ਕਰਕੇ ਜੰਮਦੇ ਹਨ ਅਤੇ ਵੱਡੇ ਹੋ ਕੇ ਫਿਰ ਗੁਨਾਹ ਕਰਦੇ ਹਨ। ਇਸ ਤਰ੍ਹਾਂ ਗੁਨਾਹਾਂ ਦੇ ਗੇੜ ਵਿਚ ਪਏ ਹੋਏ ਸਦਾ ਹੀ ਘੁੰਮਦੇ ਰਹਿੰਦੇ ਹਨ।

ਕੁਲ ਮਿਲਾ ਕਿ ਜਦੋਂ ਅਸੀਂ ‘ਮਾਝ ਕੀ ਵਾਰ’ ਦਾ ਵਿਸ਼ਾ ਪੱਖ ਤੋਂ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਸ ਤੱਥ ਦੀ ਪ੍ਰਤੀਤੀ ਹੁੰਦੀ ਕਿ ਹਰ ਪਉੜੀ ਆਪਣੇ ਰਚਨਾ ਸੰਸਾਰ ਵਿਚ ਅਧਿਆਤਮ ਦਾ ਪ੍ਰਵਚਨ ਉਸਾਰਦੀ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇਹਾਂ ਕਿ ‘ਮਾਝ ਕੀ ਵਾਰ’ ਦਾ ਜੋ ਵਿਚਾਰਧਾਰਕ ਬਿੰਬ ਉਸਰਦਾਹੈ, ਉਹਬਿੰਬ ਬੜਾ ਪ੍ਰਮਾਣਿਕ, ਰਹੱਸਮਈ ਅਤੇ ਅਨੁਭਵੀਚਿੰਤਨਸ਼ੀਲ ਬੋਲਾਂ ਵਾਲਾਹੈ। ਇਹ ਵਾਰ ਬਾਣੀ ਚਿੰਤਨ ਦੇ ਮੂਲ ਸਰੋਕਾਰਾਂ ਉਪਰ ਉਸਰੀ ਹੋਈ ਹੈ। ਗੁਰੂ ਨਾਨਕ ਨੇ ਵਾਰ ਦੀ ਰੂਪ ਰਚਨਾ ਨੂੰ ਧਿਆਨ ਵਿਚ ਰਖਦਿਆਂ ਵਾਰ ਦੀ ਕਾਵਿ-ਪਰੰਪਰਾ ਨੂੰ ਅਮੁੱਲ ਵਿਸਥਾਰ ਦਿੱਤਾ।

## 3.4 ਮਾਝ ਕੀ ਵਾਰ ਦਾ ਵਿਸ਼ਾ ਪੱਖ

ਹੁਣ ਮੈਂ ਆਪਣੇ ਖੋਜ-ਕਾਰਜ ਦੇ ਵਿਸ਼ੇ ਮੁਤਾਬਿਕ ਮਾਝ ਦੀ ਵਾਰ ਦਾ ਸਾਹਿਤਕ ਅਧਿਐਨ ਕਰਨ ਲਈ ਮਾਝ ਦੀ ਵਾਰ ਦੇ ਵਿਸ਼ੇ ਪੱਖਾਂ ਨੂੰ ਦਰਸਾਉਣ ਦਾ ਯਤਨ ਕਰਦੀ ਹਾਂ ਤਾਂ ਕਿ ‘ਮਾਝ ਦੀ ਵਾਰ’ ਨੂੰ ਸਮਝਿਆ ਜਾ ਸਕੇ।

### 3.4.1 ਪਰਮਾਤਮਾ:-

ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਸੰਕਲਪ ਦੇ ਬਾਰੇ ਆਪਣੀ ਮੁੱਢਲੀ ਧਾਰਨਾ ਮੂਲ-ਮੰਤਰ ਵਿਚ ਵਿਅਕਤ ਕਰ ਦਿੱਤੀ ਹੈ, ਜਿਸ ਅਨੁਸਾਰ ਪਰਮਾਤਮਾ ਇਕ ਹੈ, ਉਹ ਸਰਵ ਵਿਆਪਕ ਹੈ ਅਤੇ ਸਦਾ ਸਥਿਰ ਰਹਿਣ ਵਾਲਾ ਹੈ। ਇਸ ਬ੍ਰਹਿਮੰਡ ਵਿਚ ਕੇਵਲ ਪਰਮਾਤਮਾ ਹੀ ਇਕੋ-ਇਕ ਸਥਿਰ ਹਸਤੀ ਹੈ ਬਾਕੀ ਸਭ ਜੀਵ, ਵਸਤਾਂ ਅਤੇ ਪ੍ਰਾਕ੍ਰਿਤਕ ਸ਼ਕਤੀਆਂ ਨਾਸ਼ਮਾਨ ਹਨ। ਗੁਰੂ ਸਾਹਿਬ ਕਿਸੇ ਦੇਵੀ- ਦੇਵਤੇ ਦੀ ਹਸਤੀ ਨੂੰ ਅਬਿਨਾਸ਼ੀ ਜਾਂ ਸੱਚ ਸਰੂਪ ਕਰਕੇ ਨਹੀ ਮੰਨਦੇ। ਇਸ ਤਰ੍ਹਾਂ ਪਰਮਾਤਮਾ ਦੇ ਇਕ ਮੌਲਿਕ ਸੰਕਲਪ ਦੇ ਮਾਧਿਅਮ ਦੁਆਰਾ ਆਪ ਭਾਰਤੀ ਦਰਸ਼ਨ ਨਾਲੋਂ ਇਕ ਸੁਤੰਤਰ ਵਿਚਾਰਧਾਰਾ ਦਾ ਨਿਰਮਾਣ ਕਰ ਰਹੇ ਹਨ। ਪਰਮਾਤਮਾ ਦੀ ਹਸਤੀ ਬਾਰੇਗੁਰੂ ਸਾਹਿਬ ਦੀ ਇਕ ਅਗਲੀ ਸਥਾਪਨਾ ਇਹ ਹੈ ਕਿ ਉਹ ਸ੍ਰਿਸ਼ਟੀ ਦਾ ਕਰਤਾ ਹੈ। ਉਸਨੇ ਸ੍ਰਿਸ਼ਟੀ-ਰਚਨਾ ਦਾ ਇਹ ਕਾਰਜ ਵੀ ਕਿਸੇ ਦੇਵੀ-ਦੇਵਤੇ ਦੇ ਹਵਾਲੇ ਨਹੀਂ ਕੀਤਾ। ਪਰੰਤੂ ਸ਼੍ਰਿਸ਼ਟੀ ਦਾ ਕਰਤਾ ਹੋਣ ਦੇ ਬਾਵਜੂਦ ਉਹ ਕਿਸੇ ਉਚੇਰੇ ਆਕਾਸ਼ ਜਾਂ ਸੁਰਗ-ਲੋਕ ਆਦਿ ਵਿਚ ਬੈਠ ਕੇ ਹੀ ਸਾਰੇ ਸਿਰਜਨਾਤਮਕ ਕਾਰਜ ਨੂੰ ਅੰਜਾਮ ਨਹੀਂ ਦੇ ਰਿਹਾ ਬਲਕਿ ਉਹ ਆਪ ਵੀ ਸ੍ਰਿਸ਼ਟੀ ਦੇ ਹਰ ਪ੍ਰਾਣੀ ਵਿਚ ਨਿਵਾਸ ਕਰਦਾ ਹੈ। ਇਸ ਪਰਮਾਤਮਾ ਨੂੰ ਗੁਰੂ ਦੀ ਕ੍ਰਿਪਾ ਦੁਆਰਾ ਜਾਣਿਆ ਜਾ ਸਕਦਾ ਹੈ। ਮੂਲ-ਮੰਤਰ ਵਿਚ ਪਰਮਾਤਮਾ ਨੂੰ ਨਿਰਭਉ, ਨਿਰਵੈਰ ਅਤੇ ਜੂਨੀ ਸੈਭੰ ਵੀ ਕਿਹਾ ਗਿਆ ਹੈ। ਅਰਥਾਤ ਉਹ ਦੁਨਿਆਵੀ ਪ੍ਰਵਿਰਤੀਆਂ ਅਤੇ ਵਿਕਾਰਾਂ ਤੋਂ ਮੁਕਤ ਹੈ। ਪਰਮਾਤਮਾ ਦੇ ਇਸੇ ਸੰਕਲਪ ਦੀ ਹੀ ਗੁਰਬਾਣੀ ਵਿਚ ਵਿਆਖਿਆ ਕੀਤੀ ਗਈ ਹੈ। 'ਮਾਝ ਦੀ ਵਾਰ' ਵਿਚ ਵੀ ਪਰਮਾਤਮਾ ਦਾ ਇਹੀ ਸੰਕਲਪ ਭਿੰਨ-ਭਿੰਨ ਮਾਨਵੀ ਸਥਿਤੀਆ ਵਿਚੋਂ ਰੂਪਮਾਨ ਕੀਤਾ ਹੈ।

> ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ॥ ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ॥ ”[39]

### 3.4.2 ਸ੍ਰਿਸ਼ਟੀ ਰਚਨਾ:-

ਹਰ ਦਾਰਸ਼ਨਿਕ ਕਵੀ, ਸ੍ਰਿਸ਼ਟੀ- ਰਚਨਾ ਦੇ ਰਹੱਸ ਬਾਰੇ ਵੀ ਆਪਣੇ ਵਿਚਾਰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਅਸੀ ਪ੍ਰਮਾਤਮਾ ਨੂੰ ਸ੍ਰੇਸ਼ਠ ਮੰਨ ਲੈਂਦੇ ਹਾਂ ਤਾਂ ਸ੍ਰਿਸ਼ਟੀ ਵੀ ਉਸੇ ਦੁਆਰਾ ਰਚੀ ਮੰਨੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਵੀ ਪਰਮਾਤਮਾ ਨੂੰ ਹੀ ਸ੍ਰਿਸ਼ਟੀ ਦਾ ਮੂਲ ਰਚਣਹਾਰ ਮੰਨਦੇ ਹਨ। ਆਪ ਫ਼ਰਮਾਉਦੇ ਹਨ ਕਿ ਉਸ ਪਰਮਾਤਮਾ ਨੇ ਹੀ ਸਾਰੀ ਸ੍ਰਿਸ਼ਟੀ ਬਣਾਈ ਹੈ। ਵੱਖ-ਵੱਖ ਤਰ੍ਹਾਂ ਦੇ ਜੀਵ-ਜੰਤੂ ਉਸੇ ਦੀ ਰਚਨਾਤਮਕ ਸ਼ਕਤੀ ਦਾ ਪ੍ਰਮਾਣ ਹਨ। ਸ੍ਰਿਸ਼ਟੀ ਦਾ ਜਨਮਦਾਤਾ ਹੋਣ ਦੇ ਨਾਲ ਨਾਲ ਉਹ ਇਸਦਾ ਵਿਨਾਸ਼ਕ ਵੀ ਹੈ। ਜਨਮ ਅਤੇ ਮੌਤ ਉਸੇ ਪ੍ਰਭੂ ਦੀ ਲ੍ਹੀਲਾ ਦਾ ਇਕ ਚਮਤਕਾਰ ਹੈ। ਜਦੋਂ ਉਹ ਚਾਹੁੰਦਾ ਹੈ, ਜੀਵਾਂ ਨੂੰ ਇਸ ਸੰਸਾਰ ਵਿਚ ਭੇਜ ਦਿੰਦਾ ਹੈ ਅਤੇ ਜਦੋਂ ਉਸਦੀ ਇੱਛਾ ਹੁੰਦੀ ਹੈ, ਉਹ ਉਨ੍ਹਾਂ ਨੂੰ ਵਾਪਸ ਬੁਲਾ ਲੈਂਦਾ ਹੈ।

"ਤੂੰ ਕਰਤਾ ਪੁਰੁਖ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥

ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥

ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥

ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ॥ "[40]

### 3.4.3 ਮਾਇਆ ਦਾ ਸੰਕਲਪ :-

ਮਾਇਆ ਦਾ ਸੰਕਲਪ ਲਗਭਗ ਹਰ ਧਰਮ-ਸ਼ਾਸਤਰ ਦਾ ਅੰਗ ਬਣਿਆ ਰਿਹਾ ਹੈ। ਮਾਇਆ, ਜੀਵ ਦਾ ਜਗਤ ਨਾਲ ਇਕ ਰਿਸ਼ਤਾ ਨਿਰਧਾਰਿਤ ਕਰਦੀ ਹੈ। ਇਸ ਜਗਤ ਵਿਚ ਮਨੁੱਖ ਜੋ ਕੁਝ ਵੇਖਦਾ ਹੈ ਅਤੇ ਜਿਨ੍ਹਾਂ ਵਸਤਾ ਦੀ ਕਾਮਨਾ ਕਰਦਾ ਹੈ, ਉਹ ਸਭ ਮਾਇਆ ਦਾ ਹੀ ਇਕ ਰੂਪ ਹਨ। ਇਨ੍ਹਾਂ ਦੀ ਵਾਸਤਵਿਕ ਹਕੀਕਤ ਕੁਝ ਨਹੀਂ ਹੈ। ਜੇ ਵਿਅਕਤੀ ਮਾਇਆ ਨੂੰ ਪਰੇ ਹਟਾ ਕੇ ਆਪਣੀਆ ਮਨ ਇੱਛਤ ਵਸਤਾਂ ਅਤੇ ਰਿਸ਼ਤਿਆਂ ਨੂੰ ਵੇਖ ਸਕੇ ਤਾਂ ਉਸਨੂੰ ਗਿਆਨ ਹੋ ਜਾਵੇਗਾ ਕਿ ਇਹ ਸਭ ਚੀਜ਼ਾਂ ਨਾਸ਼ਮਾਨ ਹਨ, ਇਹ ਮਰਨ ਉਪਰੰਤ ਵਿਅਕਤੀ ਦੇ ਸਾਥ ਨਹੀਂ ਜਾਣਗੀਆਂ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਸਮਰਪਿਤ ਕਰ ਦੇਣਾ ਮਨੁੱਖ ਦੀ ਮੂਰਖਤਾ ਤੋਂ ਵੱਧ ਕੁਝ ਨਹੀਂ। 'ਮਾਝ ਦੀ ਵਾਰ' ਵਿਚ ਮਾਇਆ ਦੇ ਇਸ ਸੰਕਲਪ ਬਾਰੇ ਕਾਫ਼ੀ ਕੁਝ ਕਿਹਾ ਗਿਆ ਹੈ।

"ਤੁਧੁ ਆਪੇ ਜਗੁਤ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ॥

ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ॥

ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ॥

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥ "[41]

"ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥

ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ॥

ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ॥ "[42]

### 3.4.4 ਕੂੜਿਆਰ-ਸਚਿਆਰ :-

ਮਾਇਆ ਪ੍ਰਤਿ ਵਿਅਕਤੀ ਦੀਆਂ ਧਾਰਨਾਵਾਂ ਅਤੇ ਮਾਨਤਾਵਾਂ ਵਿਚੋਂ ਹੀ ਸਚਿਆਰ ਅਥਵਾ ਕੂੜਿਆਰ ਦਾ ਸੰਕਲਪ ਪੈਦਾ ਹੁੰਦਾ ਹੈ। ਮਾਇਆ ਪ੍ਰਤੀ ਮੋਹ ਰੱਖਣ ਵਾਲਾ ਵਿਅਕਤੀ 'ਕੂੜਿਆਰ' ਹੈ ਅਤੇ ਮਾਇਆ ਤੋਂ ਨਿਰਲੇਪ ਰਹਿਣ ਵਾਲੇ ਨੂੰ ਗੁਰੂ ਸਾਹਿਬ 'ਸਚਿਆਰ' ਦਾ ਨਾਮ ਦਿੰਦੇ ਹਨ। ਇਸ ਸੰਕਲਪ ਦਾ ਇਕ ਸਿਰਾ ਪਰਮਾਤਮਾ ਸ੍ਰਿਸ਼ਟੀ ਵਿਚ ਨਿਵਾਸ ਤਾਂ ਕਰਦਾ ਹੈ ਪਰ ਉਹ ਮੋਹ-ਮਾਇਆ ਤੋਂ ਮੁਕਤ ਰਹਿੰਦਾ ਹੈ। ਉਸ ਨੂੰ 'ਅੰਜਨ ਮਾਹਿ ਨਿਰੰਜਨੁ' ਕਿਹਾ ਗਿਆ ਹੈ, ਜਿਸਦਾ ਅਰਥ ਹੈ ਕਿ ਉਹ ਕਦੀ ਨਾਸ਼ ਨਹੀਂ ਹੁੰਦਾ। ਜੇ ਮਨੁੱਖ ਵੀ ਮਾਇਆ ਦੇ ਮੋਹ ਤੋਂ ਮੁਕਤ ਹੋ ਸਕੇ ਤਾਂ ਉਹ ਵੀ ਸਚਿਆਰ ਪਦ ਦੀ ਪ੍ਰਾਪਤੀ ਕਰ ਲਾਵੇਗਾ। 'ਸਚਿਆਰ' ਅਤੇ 'ਕੂੜਿਆਰ' ਸ਼ਬਦ ਦੀ ਨਿਸ਼ਾਨਦੇਹੀ ਲਈ ਗੁਰੂ ਸਾਹਿਬ 'ਖਰੇ' (ਪ੍ਰਮਾਣਿਕ) ਉਤੇ 'ਖੋਟੇ' (ਅਪ੍ਰਮਾਣਿਕ) ਸ਼ਬਦ ਦਾ ਪ੍ਰਯੋਗ ਵੀ ਕਰਦੇ ਹਨ। 'ਖਰੇ' ਉਹ ਹਨ, ਜੋ ਵਿਕਾਰਾਂ ਅਤੇ ਮਾਇਆ ਦੇ ਆਕ੍ਰਸ਼ਣ ਤੋਂ ਨਿਰਲੇਪ ਹੋ ਕੇ ਪ੍ਰਭੂ ਦੇ ਸਿਮਰਨ ਵਿਚ ਵਕਤ ਗੁਜ਼ਾਰਦੇ ਹਨ ਅਤੇ 'ਖੋਟੇ' ਉਹ ਹੁੰਦੇ ਹਨ ਜਿਹੜੇ ਦੁਨਿਆਵੀ ਵਸਤਾਂ ਅਥਵਾ ਵਿਕਾਰਾਂ ਦੇ ਮੋਹ ਵਿਚ ਗ੍ਰਸਤ ਹੋ ਕੇ ਆਪਣੇ ਜੀਵਨ ਨੂੰ ਨਸ਼ਟ ਕਰ ਬੈਠੇ ਹਨ। ਗੁਰੂ ਸਾਹਿਬ ਦਾ ਕਥਨ ਹੈ ਕਿ ਪਰਮਾਤਮਾ ਖਰਿਆ (ਚੰਗਿਆ) ਨੂੰ ਤਾਂ ਸਵੀਕਾਰ ਕਰ ਲੈਂਦਾ ਹੈ ਭਾਵ ਮੁਕਤੀ ਪ੍ਰਦਾਨ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ ਪਰੰਤੂ ਖੋਟਿਆਂ ਨੂੰ ਉਹ ਅਸਵੀਕਾਰ ਕਰ ਦਿੰਦਾ ਹੈ। ਉਨ੍ਹਾਂ ਨੂੰ ਵਗਾਹ ਕੇ ਵਾਪਸ ਧਰਤੀ ਉੱਪਰ ਸੁੱਟ ਦਿੰਦਾ ਹੈ ਅਰਥਾਤ ਉਹ ਜੀਵਨ-ਮੌਤ ਦੀ ਪੀੜਤ ਵਿਚੋਂ ਬਾਰ-ਬਾਰ ਗੁਜ਼ਰਦੇ ਹਨ। ਵਾਰ-ਵਾਰ ਜੀਣ ਮਰਨ ਤੋਂ ਮੁਕਤ ਨਹੀਂ ਹੁੰਦੇ ਆਪਣੇ ਇਸ ਵਿਚਾਰ ਦੀ ਵਿਆਖਿਆ ਹਿੱਤ ਗੁਰੂ ਸਾਹਿਬ ਫ਼ਰਮਾਉਂਦੇ ਹਨ:

"ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥

ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥

ਖਰੇ ਖਜਾਨੈ ਪਾਇਅਹਿ ਖੋਟੇ ਸਟੀਅਹਿ ਬਾਹਰ ਵਾਰਿ॥

ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥"[43]

### 3.4.5 ਮਨ, ਮਨਮੁਖ: ਗੁਰੂ ਅਤੇ ਗੁਰਮੁਖ:-

ਗੁਰੂ ਸਾਹਿਬ ਮਨ ਨੂੰ ਸਾਰੀ ਚੰਚਲਤਾ ਦਾ ਧੁਰਾ ਮੰਨਦੇ ਹਨ। ਇਸੇ ਲਈ ਆਪ ਮਨ ਨੂੰ ਸਮਝਾਉਣ ਉੱਪਰ ਜ਼ੋਰ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਮਨ ਉੱਤੇ ਕਾਬੂ ਪਾਉਣਾ ਬਹੁਤ ਔਖਾ ਹੈ। ਮਨੁੱਖ ਨੂੰ ਵਿਸ਼ੇ-ਵਿਕਾਰਾਂ ਦੇ ਵਿਚ ਉਲਝਾਉਣ ਵਾਲਾ ਇਹ ਮਨ ਹੀ ਹੈ। ਇਸੇ ਲਈ ਗੁਰੂ ਸਾਹਿਬ ਨੇ ਫ਼ਰਮਾਇਆ ਹੈ: ਮਨਿ ਜੀਤੈ ਜਗ ਜੀਤੁ॥ ਇਸਦਾ ਮਤਲਬ ਹੈ ਕਿ ਜਿਸ ਮਨੁੱਖ ਨੇ ਆਪਣੇ ਮਨ ਨੂੰ ਜਿੱਤ ਲਿਆ ਸਮਝ ਲਉ ਕਿ ਉਸਨੇ ਸਾਰੇ ਜਗਤ ਨੂੰ ਜਿੱਤ ਲਿਆ। ਆਧਨਿਕ ਯੁੱਗ ਦੇ ਮਨੋਵਿਗਿਆਨੀ ਵੀ ਮਨੁੱਖ ਦੇ ਮਨ ਨੂੰ ਇੱਛਾਵਾ ਅਤੇ ਵਰਜਿਤ ਕਾਮਨਾਵਾਂ ਦਾ ਇਕ ਅਤ੍ਰਿਪਤ ਭੰਡਾਰ ਮੰਨਦੇ ਹਨ। ਮਨੁੱਖ ਮਨ ਨੂੰ ਸੰਤੁਸ਼ਟ ਕਰਨ ਲਈ ਜਿਤਨੇ ਵੀ ਯਤਨ ਕਰਦਾ

ਹੈ, ਮਨ ਦੀ ਭੁੱਖ ਸਗੋਂ ਵਧੇਰੇ ਵੱਧਦੀ ਹੈ। ਜਿਸ ਤਰ੍ਹਾਂ ਅਗਨੀ ਨੂੰ ਬਾਲਣ ਦੁਆਰਾ ਸ਼ਾਂਤ ਨਹੀਂ ਕੀਤਾ ਜਾ ਸਕਦਾ ਬਲਕਿ ਬਾਲਣ ਨੂੰ ਪਰੇ ਹਟਾ ਕੇ ਅਥਵਾ ਅਗਨੀ ਨੂੰ ਬਾਲਣ ਤੋਂ ਵਿਜੋਗ ਕੇ ਹੀ ਸ਼ਾਂਤ ਕੀਤਾ ਜਾ ਸਕਦਾ ਹੈ। ਗੁਰੂ ਦੀ ਕ੍ਰਿਪਾ ਦੁਆਰਾ ਵਿਅਕਤੀ ਨਾਮ ਸਿਮਰਨ ਦੇ ਮਾਰਗ ਉੱਪਰ ਚੱਲ ਪੈਂਦਾ ਹੈ ਅਤੇ ਇਸ ਤਰ੍ਹਾਂ ਉਸਦਾ ਮਨ, ਮੋਹ ਅਤੇ ਮਾਇਆ ਦੇ ਪ੍ਰਭਾਵ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

"ਬਿਨੁ ਸਤਿਗੁਰੂ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ॥

ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ॥ "[44]

ਇਸ ਸੰਸਾਰ ਵਿਚ ਵਿਚਰਣ ਵਾਲੇ ਬਹੁਤ ਘੱਟ ਲੋਕ ਮਨ ਉੱਤੇ ਕਾਬੂ ਪਾ ਸਕਦੇ ਹਨ। ਬਲਕਿ ਬਹੁਤੇ ਲੋਕਾਂ ਨੂੰ ਤਾਂ ਮਨ ਆਪਣੇ ਪਿੱਛੇ ਲਾ ਕੇ ਉਨ੍ਹਾਂ ਤੋਂ ਤਰ੍ਹਾਂ-ਤਰ੍ਹਾਂ ਦੇ ਪਾਪ, ਅਪਰਾਧ ਕਰਵਾਉਂਦਾ ਹੈ। ਬਹੁਤ ਤਰ੍ਹਾਂ ਦੀਆਂ ਅਸਮਾਜਿਕ ਅਤੇ ਅਸ਼ਿਸ਼ਟ ਕ੍ਰਿਆਵਾਂ ਕਰਦੇ ਹਨ। ਉਹ ਆਪਣੇ ਮਨ ਦੀ ਚੰਚਲਤਾ ਉੱਤੇ ਕਾਬੂ ਨਹੀਂ ਪਾ ਸਕਦੇ। ਸਿੱਟੇ ਵਜੋਂ ਉਨ੍ਹਾਂ ਦਾ ਮਨ ਜਿਸ ਦਿਸ਼ਾ ਵੱਲ ਸੰਕੇਤ ਕਰਦਾ ਹੈ, ਉਹ ਆਪਣਾ ਮੁਖ ਅਥਵਾ ਧਿਆਨ ਉਸ ਪਾਸੇ ਕੇਂਦ੍ਰਿਤ ਕਰ ਲੈਂਦੇ ਹਨ। ਇਹੋ ਜਿਹੇ ਮਨੁੱਖਾਂ ਨੂੰ ਗੁਰੂ ਸਾਹਿਬ ਸਭ ਤੋਂ ਨਖਿੱਧ, ਘਟੀਆਂ ਅਤੇ ਪਤਨ-ਉਨਮੁਖ ਵਿਅਕਤੀ ਹੈ। ਇਸ ਵਿਅਕਤੀ ਦਾ ਕਦੇ ਵੀ ਪਾਰਉਤਾਰਾ ਨਹੀਂ ਹੋ ਸਕਦਾ ਅਤੇ ਉਸਦਾ ਜਨਮ ਲੈਣਾ ਅਥਵਾ ਜਗਤ ਵਿਚ ਆਉਣਾ ਦੋਵੇਂ ਵਿਅਰਥ ਚਲੇ ਜਾਂਦੇ ਹਨ।

"ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥

ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ॥

ਵਿਣੁ ਨਾਵੈ ਦੁਖੁ ਪਾਇ ਆਵਣੁ ਜਾਣਿਆ॥

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥ "[45]

ਮਨਮੁਖਾਂ ਦੇ ਵਿਪਰੀਤ ਉਹ ਵਿਰਲੇ ਇਨਸਾਨ ਹੁੰਦੇ ਹਨ, ਜਿਹੜੇ ਆਪਣੇ ਮਨ ਦੁਆਰਾ ਸੁਝਾਈ (ਵਿਕਾਰਾਂ ਦੀ) ਦਿਸ਼ਾ ਦੇ ਵਿਪਰੀਤ ਆਪਣਾ ਮੁਖ ਅਤੇ ਧਿਆਨ ਉੱਧਰ ਕੇਂਦ੍ਰਿਤ ਕਰਦੇ ਹਨ, ਜਿੱਧਰ ਗੁਰੂ ਕਹਿੰਦਾ ਹੈ। ਮਨਮੁਖ ਨੂੰ ਗੁਰਮੁਖ ਬਣਾਉਣ ਵਾਲੀ ਹਸਤੀ ਸਤਿਗੁਰੂ ਹੀ ਹੈ। ਇਹੀ ਸਤਿਗੁਰੂ ਮਨੁੱਖ ਜੀਵਨ ਦਾ ਪ੍ਰਯੋਜਨ ਸਮਝਾਉਂਦਾ ਹੈ, ਅਰਥਪੂਰਨ ਅਤੇ ਅਰਥਹੀਣ ਵਸਤਾਂ ਦੇ ਦਰਮਿਆਨ ਨਖੇੜਾ ਕਰਨ ਦੀ ਜਾਚ ਦੱਸਦਾ ਹੈ, ਸਤਿ ਅਤੇ ਅਸਤਿ ਵਿਚਲੀ ਵਿਭਾਜਨ-ਰੇਖਾ ਨੂੰ ਦ੍ਰਿਸ਼ਟੀਗੋਚਰ ਕਰਵਾਉਂਦਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬ, ਗੁਰਮੁਖ ਅਤੇ ਸਤਿਗੁਰੂ, ਦੋਹਾਂ ਨੂੰ ਹੀ ਆਦਰਸ਼ਕ, ਸਫ਼ਲ ਅਤੇ ਪ੍ਰਮਾਣਿਕ ਵਿਅਕਤੀ ਮੰਨਦੇ ਹਨ। 'ਮਾਝ ਦੀ

ਵਾਰ' ਦਾ ਨਾਇਕ ਇਹੀ ਗੁਰਮੁਖ ਵਿਅਕਤੀ ਹੈ, ਜੋ ਮਨਮੁਖਤਾ ਨੂੰ ਪਰਾਜਿਤ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਗੁਰਮੁਖ ਦੀ ਸਿਫ਼ਤ-ਸ਼ਲਾਘਾ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ:

"ਗੁਰਮੁਖ ਸਿਉ ਮਨੁਮੁਖ ਅੜੈ ਡੁਬੈ ਹਕਿ ਨਿਆਇ॥

ਦੁਹਾ ਸਿਰਿਆ ਆਪੇ ਕਸਮੁ ਵੇਖੈ ਕਰਿ ਵਿਉਪਾਇ॥"[46]

ਅਤੇ

"ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ॥

ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ॥

ਜੋ ਮਨਿ ਚਿਤਿ ਤੁਧ ਧਿਆਇਦੇ ਮੇਰੇ ਸਚਿਆ॥

ਬਲਿ ਬਲਿ ਹਉ ਤਿਨਿ ਜਾਤੀ॥"[47]

### 3.4.6 ਸਮਾਜਕ-ਸਭਿਆਚਾਰਕ ਪੱਖ:-

ਗੁਰੂ ਨਾਨਕ ਦੇਵ ਜੀ ਵਿਚਾਰਧਾਰਾ ਅਤੇ ਮਨੁੱਖੀ ਜੀਵਨ ਨੂੰ ਇਕ ਦੂਜੇ ਨਾਲ ਅੰਤਰ-ਸੰਬੰਧਿਤ ਕਰਕੇ ਵੇਖਦੇ ਅਤੇ ਵਿਚਾਰਦੇ ਹਨ। ਇਹੀ ਕਾਰਨ ਹੈ ਕਿ ਆਪ ਜਦੋਂ ਵੀ ਕੋਈ ਦਾਰਸ਼ਨਿਕ ਅਥਵਾ ਨੈਤਿਕ ਸੰਕਲਪ ਪੇਸ਼ ਕਰਦੇ ਹਨ ਤਾਂ ਸਮਾਜਿਕ-ਸਭਿਆਚਾਰਕ ਪਰਿਪੇਖ ਵੀ ਆਪਣੇ ਆਪ ਉਨ੍ਹਾਂ ਦੇ ਵਿਸ਼ਲੇਸ਼ਣ ਵਿਚ ਸ਼ਾਮਲ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਅਨੁਭਵ ਕਰ ਲਿਆ ਸੀ ਕਿ ਹਿੰਦੁਸਤਾਨ ਦੀਆਂ ਬਹੁਤੀਆਂ ਕਮਜ਼ੋਰੀਆਂ ਦਾ ਕਾਰਨ ਸਾਡੇ ਸਮਾਜ ਅਤੇ ਸਭਿਆਚਾਰ ਵਿਚ ਆਈ ਖੜੋਤ ਹੀ ਹੈ। ਗੁਰੂ ਨਾਨਕ ਸਾਹਿਬ ਦਾ ਵਿਚਾਰ ਹੈ ਕਿ ਪ੍ਰਗਤੀਸ਼ੀਲ ਅਤੇ ਲੋਕਪੱਖੀ ਸਭਿਆਚਾਰ ਹੀ ਹਿੰਦੁਸਤਾਨ ਨੂੰ ਅੱਗੇ ਲਿਜਾ ਸਕਦਾ ਹੈ। ਆਪ ਇਹ ਵੀ ਜਾਣਦੇ ਸਨ ਕਿ ਬ੍ਰਾਹਮਣ, ਮੌਲਾਣੇ ਅਤੇ ਜੋਗੀ ਆਦਿਕ ਧਾਰਮਿਕ ਆਗੂਆਂ ਦਾ ਮੁਫ਼ਾਦ ਇਸੇ ਗੱਲ ਵਿਚ ਸੁਰੱਖਿਅਤ ਹੈ ਕਿ ਸਮਾਜ ਪ੍ਰਗਤੀ ਨਾ ਕਰੇ ਬਲਕਿ ਜਿਸ ਥਾਂ ਤੇ ਖੜ੍ਹਾ ਹੈ, ਉਥੇ ਹੀ ਖੜੋਤਾ ਰਹੇ। ਇਸੇ ਕਾਰਨ ਗੁਰੂ ਜੀ ਆਪਣੀ ਇਸ ਵਾਰ ਵਿਚ ਧਰਮ ਅਤੇ ਸਭਿਆਚਾਰ ਦੇ ਕਥਿਤ ਆਗੂਆਂ ਦੀ ਬੜੀ ਸਖ਼ਤ ਆਲੋਚਨਾ ਕਰਦੇ ਹਨ।

"ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ॥

ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥

ਨਾਨਕ ਅੰਧਾ ਹੋਇ ਕੈ ਦਸੇ ਰਹੈ ਸਭਸੁ ਮੁਹਾਏ ਸਾਥੈ॥

ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥ "[48]

ਗੁਰੂ ਜੀ ਨੇ ਦੇਖਿਆ ਸੀ ਕਿ ਉਨ੍ਹਾਂ ਦੇ ਯੁੱਗ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋ ਗਿਆ ਸੀ। ਹਰ ਛੋਟਾ=ਵੱਡਾ ਅਧਿਕਾਰੀ ਵੱਧ ਤੋਂ ਵੱਧ ਪੈਸੇ ਇਕੱਠੇ ਕਰਨ ਦੇ ਆਹਰ ਵਿਚ ਸੀ। ਗੁਰੂ ਜੀ ਨੇ ਇਨ੍ਹਾਂ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਤੋਂ ਰੋਕਣ ਲਈ ਉਨ੍ਹਾਂ ਨੂੰ ਰੱਬੀ ਪ੍ਰਕੋਪ ਦਾ ਡਰ ਦਿੱਤਾ। ਆਪ ਨੇ ਇਨ੍ਹਾਂ ਲੋਕਾਂ ਨੂੰ ਖ਼ਬਰਦਾਰ ਕਰਦਿਆ ਹੋਇਆਂ ਕਿਹਾ:

"ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥

ਗੁਰੂ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥

ਗਲੀ ਭਿਸਿਤ ਨ ਜਾਈਐ ਛੁਟੈ ਸਚੁ ਕਮਾਇ॥

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥

ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ "[49]

ਗੁਰੂ ਸਾਹਿਬ ਨੇ ਇਕ ਫ਼ਿਰਕੇ ਜਾਂ ਵਰਗ ਦੇ ਲੋਕਾਂ ਨੂੰ ਦੂਜੇ ਫ਼ਿਰਕੇ ਜਾਂ ਵਰਗ ਦੇ ਲੋਕਾਂ ਉੱਪਰ ਜ਼ੁਲਮ ਕਰਨ ਤੋਂ ਵੀ ਰੋਕਿਆ। ਮੁਸਲਮਾਨ ਲੋਕ ਹਾਕਮ ਧੜੇ ਨਾਲ ਸੰਬੰਧਿਤ ਹੋਣ ਕਰਕੇ ਹਿੰਦੂਆਂ ਨਾਲ ਧੱਕੇਬਾਜ਼ੀ ਕਰਦੇ ਰਹਿੰਦੇ ਸਨ। ਗੁਰੂ ਜੀ ਮਨੁੱਖੀ ਸਮਾਨਤਾ ਅਤੇ ਏਕਤਾ ਦੇ ਪੈਗ਼ੰਬਰ ਸਨ। ਆਪਣੀ ਵਚਨਬੱਧਤਾ ਕਿਸੇ ਇਕ ਧਰਮ, ਵਰਗ ਜਾਂ ਫ਼ਿਰਕੇ ਲਈ ਨਹੀਂ ਸੀ ਬਲਕਿ ਆਪ ਹਰ ਧਰਮ ਜਾਂ ਫ਼ਿਰਕੇ ਨੂੰ ਬਰਾਬਰ ਸਮਝਦੇ ਸਨ। ਇਹੀ ਕਾਰਨ ਹੈ ਕਿ ਆਪ ਜ਼ੁਲਮ ਕਰਨ ਵਾਲਿਆਂ ਅਤੇ ਜ਼ੁਲਮ ਬਰਦਾਸ਼ਤ ਕਰਨ ਵਾਲਿਆਂ ਦੋਹਾਂ ਤਰ੍ਹਾਂ ਦੇ ਲੋਕਾਂ ਨੂੰ ਖ਼ਬਰਦਾਰ ਕਰਦੇ ਹਨ ਅਤੇ ਇਕ-ਦੂਜੇ ਦਾ ਸਤਿਕਾਰ ਕਰਨ ਦਾ ਸੰਦੇਸ਼ ਦਿੰਦੇ ਹਨ।

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ॥

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥

ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥ "[50]

### 3.4.7 ਧਾਰਮਕ ਪੱਖ:-

ਗੁਰੂ ਜੀ ਆਪਣੇ ਯੁੱਗ ਦੇ ਧਾਰਮਿਕ ਵਾਤਾਵਰਣ ਬਾਰੇ ਵੀ ਬਹੁਤ ਚੇਤੰਨ ਸਨ। ਉਨ੍ਹਾਂ ਦੇ ਸਮੇਂ ਵਿਚ ਮੁਸਲਮਾਨ ਭਾਰਤ ਉੱਪਰ ਅਜੇ ਨਵੇਂ-ਨਵੇਂ ਕਾਬਜ਼ ਹੋਏ ਸਨ। ਬਾਕੀ ਦੁਨੀਆਂ ਵਿਚ ਵੀ ਇਸਲਾਮ ਦੀ ਸਰਦਾਰੀ ਸਥਾਪਿਤ ਹੋ ਚੁੱਕੀ ਸੀ। ਯੂਰਪ ਅਜੇ ਪੂਰੀ ਤਰ੍ਹਾਂ ਜਾਗਿਆ ਨਹੀਂ ਸੀ ਅਤੇ ਇਸਲਾਮ ਦੁਨੀਆਂ ਦੇ ਹਰ ਕੋਨੇ ਵਿਚ ਸਥਾਪਿਤ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸਲਾਮ ਦੇ ਪ੍ਰਚਾਰ ਵਿਚ ਉਸ ਸਮੇਂ ਦੇ ਰਾਜਿਆਂ-ਰਜਵਾੜਿਆਂ ਨੇ ਬੜੀ ਸਰਗਰਮ ਭੂਮਿਕਾ ਨਿਭਾਈ ਅਤੇ ਇਨ੍ਹਾਂ ਰਾਜਿਆਂ ਨੇ ਤਲਵਾਰ ਦੇ ਜ਼ੋਰ ਨਾਲ ਹੋਰਨਾਂ ਧਰਮਾਂ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੂੰ ਮੁਸਲਮਾਨ ਬਣਾਇਆ। ਭਾਰਤ ਵਿਚ ਤਾਂ ਇਹ ਪ੍ਰਕ੍ਰਿਆ ਚਾਰ-ਪੰਜ ਸੌ ਵਰ੍ਹੇ ਚੱਲਦੀ ਰਹੀ। ਇਹੀ ਕਾਰਨ ਹੈ ਕਿ ਇਕ ਵਾਰ ਤਾਂ ਭਾਰਤ ਇਕ ਇਸਲਾਮਿਕ ਸਟੇਟ ਦਾ ਰੂਪ ਧਾਰਣ ਕਰ ਗਿਆ ਸੀ। ਗੁਰੂਨਾਨਕ ਦੇਵ ਜੀ ਮੁਸਲਮਾਨਾਂ ਨੂੰ ਉਨ੍ਹਾਂ ਦੇ ਧਰਮ ਦਾ ਮੱਹਤਵ ਸਮਝਾਉਣ ਵਾਸਤੇ ਉਨ੍ਹਾਂ ਦੇ ਦੋ ਸਭ ਤੋਂ ਪ੍ਰਮੁੱਖ ਕੇਂਦਰਾਂ-ਮੱਕੇ ਅਤੇ ਮਦੀਨੇ ਵੀ ਗਏ ਅਤੇ ਕਾਅਬੇ ਵੱਲ ਪੈਰ ਪਸਾਰ ਕੇ ਉਨ੍ਹਾਂ ਇਹ ਸਮਝਾਇਆ ਕਿ ਖ਼ੁਦਾ ਪੱਛਮ ਵਿਚ ਹੀ ਨਹੀਂ ਵੱਸਦਾ ਬਲਕਿ ਸਭ ਦਿਸ਼ਾਵਾ ਵਿਚ ਹੈ ਅਤੇ ਕਿਸੇ ਨੂੰ ਇਸੇ ਗੱਲ ਕਾਰਨ ਹੀ ਵੱਡਾ ਨਾ ਸਮਝੋ ਕਿ ਉਹ ਮੁਸਲਮਾਨ ਹੈ। ਸੱਚਾ ਮੁਸਲਮਾਨ ਬਨਣਾ ਬਹੁਤ ਮੁਸ਼ਕਿਲ ਹੈ ਅਤੇ ਕੇਵਲ ਉਸੇ ਵਿਅਕਤੀ ਨੂੰ 'ਮੁਸਲਮਾਨ' ਕਿਹਾ ਜਾ ਸਕਦਾ ਹੈ, ਜੋ ਵਿਕਾਰਾਂ ਤੋਂ ਮੁਕਤ ਹੋਵੇ, ਗ਼ਰੀਬੀ ਨੂੰ ਖ਼ੁਦਾ ਦੀ ਸਭ ਤੋਂ ਵੱਡੀ ਦਾਤ ਸਮਝਦਾ ਹੋਵੇ ਅਤੇ ਪਰਮਾਤਮਾ ਦੀ ਹਰ ਰਜ਼ਾ ਵਿਚ ਰਾਜ਼ੀ ਰਹਿਣ ਵਾਲਾ ਖ਼ੁਦਾਪ੍ਰਸਤ ਇਨਸਾਨ ਹੋਵੇ। ਇਕ ਸੱਚੇ ਮੁਸਲਮਾਨ ਦੇ ਗੁਣ-ਲੱਛਣ ਨਿਰਧਾਰਿਤ ਕਰਦੇ ਹੋਏ ਆਪ ਫੁਰਮਾਉਂਦੇ ਹਨ:

"ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥

ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥

ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥

ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥ "[51]

ਇਸੇ ਤਰ੍ਹਾਂ ਆਪ ਨੇ ਮੁਸਲਮਾਨਾਂ ਵੱਲੋਂ ਪੜ੍ਹੀਆਂ ਜਾਣ ਵਾਲੀਆਂ ਪੰਜ ਨਮਾਜ਼ਾਂ ਨੂੰ ਨਵੇਂ ਸਿਰਿਉਂ ਪਰਿਭਾਸ਼ਿਤ ਕੀਤਾ।ਨਮਾਜ਼ ਪੜ੍ਹਨ ਵਾਲਿਆਂ ਨੂੰ ਸੱਚੇ, ਹਲਾਲ, ਸਭ ਦੇ ਭੋਲੇ, ਸ਼ੁਭ ਭਾਵਨਾ ਅਤੇ ਪਰਮਾਤਮਾ ਦੀ ਸਿਫ਼ਤ-ਸਲਾਹ ਵਰਗੇ ਪੰਜ ਸੰਕਲਪਾਂ ਨੂੰ ਧਿਆਨ ਵਿਚ ਰੱਖ ਕੇ ਨਿਮਾਜ਼ ਅਦਾ ਕਰਨੀ ਚਾਹੀਦੀ ਹੈ। ਬਿਨਾਂ ਨਮਾਜ਼ ਦੇ ਇਨ੍ਹਾਂ ਅੰਤਰੀਵੀ ਅਰਥਾਂ ਨੂੰ ਸਮਝਿਆਂ ਨਿਮਾਜ਼ ਵੀ ਇਕ ਪ੍ਰਕਾਰ ਦੀ ਹਠਧਰਮੀ ਅਤੇ ਕਰਮ-ਕਾਂਡ ਬਣ ਜਾਂਦੀ ਹੈ।

'ਮਾਝ ਦੀ ਵਾਰ' ਵਿਚ ਗੁਰੂ ਸਾਹਿਬ ਦੀ ਆਲੋਚਨਾ ਦਾ ਵਿਸ਼ਾ ਬਣਨ ਵਾਲੀ ਇਕ ਹੋਰ ਧਿਰ ਉਸ ਸਮੇਂ ਦੇ ਜੋਗੀ ਸਨ। ਉਹ ਜੰਗਲਾਂ ਵਿਚ ਵਿਚਰਦੇ ਸਨ, ਭਗਵੇਂ ਵਸਤਰ ਧਾਰਨ ਕਰਕੇ ਆਪਣੇ ਆਪ ਨੂੰ ਪਹੁੰਚੇ ਹੋਏ ਵਿਸ਼ੇਸ਼

ਵਰਗ ਦੇ ਰੂਪ ਵਿਚ ਪੇਸ਼ ਕਰਦੇ ਸਨ। ਗੁਰੂ ਸਾਹਿਬ ਉਨ੍ਹਾਂ ਦੇ ਪਾਖੰਡੀ ਕਿਰਦਾਰ ਦਾ ਵਿਸ਼ਲੇਸ਼ਣ ਕਰਦੇ ਹੋਏ ਫੁਰਮਾਉਂਦੇ ਹਨ ਕਿ ਇਹ ਲੋਕ ਨਾ ਤਾਂ ਚੰਗੇ ਗ੍ਰਿਹਸਥੀ ਹੀ ਬਣ ਸਕੇ ਅਤੇ ਨਾ ਚੰਗੇ ਉਦਾਸੀ। ਪਰਮਾਤਮਾ ਦੀ ਪ੍ਰਾਪਤੀ ਲਈ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਭਟਕਣ ਦੀ ਕੋਈ ਲੋੜ ਨਹੀਂ ਬਲਕਿ ਜੇ ਸੱਚੇ ਪਰਮਾਤਮਾ ਨੂੰ ਮਨ ਵਿਚ ਵਸਾ ਲਿਆ ਜਾਵੇ ਤਾਂ ਘਰ ਵਿਚ ਬੈਠਿਆਂ ਹੀ ਉਦਾਸੀ ਵਿਅਕਤੀ ਦਾ ਮਰਤਬਾ ਪਾਇਆ ਜਾ ਸਕਦਾ ਹੈ। ਇਸ ਪ੍ਰਸੰਗ ਵਿਚ ਗੁਰੂ ਸਾਹਿਬ ਦਾ ਸੰਦੇਸ਼ ਹੈ:

"ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥

ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥

ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥

ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥ "[52]

'ਮਾਝ ਦੀ ਵਾਰ' ਦੀ ਰਚਨਾ ਗੁਰੂ ਸਾਹਿਬ ਨੇ ਇਕ ਅਨੁਭਵੀ ਸਰੇਵੜੇ ਨੂੰ ਸੰਬੋਧਨ ਕਰਕੇ ਉਚਾਰੀ ਸੀ। ਇਸ ਲਈ ਸੁਭਾਵਿਕ ਹੀ ਇਸ ਵਾਰ ਵਿਚ ਜੈਨੀ ਸਾਧੂਆਂ ਅਤੇ ਸਰੇਵੜਿਆਂ ਦੇ ਕਰਮ-ਕਾਂਡੀ, ਅਣ-ਸਾਧਾਰਣ ਅਤੇ ਨਿੰਦਨੀਯ ਵਿਹਾਰ ਦੇ ਕਾਫ਼ੀ ਦ੍ਰਿਸ਼ ਮਿਲ ਜਾਂਦੇ ਹਨ। ਗੁਰੂ ਸਾਹਿਬ ਇਕ ਇਹੋ ਜਿਹੇ ਧਰਮ ਦੀ ਸਥਾਪਨਾ ਲਈ ਯਤਨਸ਼ੀਲ ਸਨ, ਜਿਸ ਵਿਚ ਵਿਅਕਤੀ ਨੂੰ ਆਪਣੀਆਂ ਅਧਿਆਤਮਕ ਆਕਾਂਖਿਆਵਾਂ ਦੀ ਪੂਰਤੀ ਲਈ ਕੋਈ ਅਣ-ਸਾਧਾਰਣ, ਰਸਮੀ ਜਾਂ ਕਰਮ-ਕਾਂਡੀ ਵਿਹਾਰ ਧਾਰਨ ਨਾ ਕਰਨਾ ਪਵੇ। ਗੁਰੂ ਜੀ ਨੇ ਆਪਣੀ ਬਾਣੀ, ਸਿੱਖਿਆ ਅਤੇ ਸਮੁੱਚੇ ਜੀਵਨ-ਵਿਹਾਰ ਨਾਲ ਇਹ ਸਿੱਧ ਕਰ ਦਿੱਤਾ ਸੀ ਕਿ ਸਹਿਜ-ਸੁਭਾਵਿਕ ਢੰਗ ਨਾਲ ਜੀਣਾ ਹੀ ਸਭ ਤੋਂ ਵੱਡੀ ਸਾਧਨਾ ਅਤੇ ਉਪਾਸਨਾ ਹੈ।

### 3.4.8 **ਰਾਜਨੀਤਿਕ ਪੱਖ:-**

ਗੁਰੂ ਨਾਨਕ ਦੇਵ ਜੀ ਦੀ ਹਰ ਰਚਨਾ ਉਸ ਸਮੇਂ ਦੇ ਰਾਜਨੀਤਿਕ ਪਰਿਪੇਖ ਨੂੰ ਵੀ ਮੁਖ਼ਾਤਿਬ ਹੁੰਦੀ ਹੈ। ਹੋਰ ਅੀਧਆਤਮਵਾਦੀ ਸਾਧੂ-ਸੰਤਾਂ ਵਾਂਗ ਗੁਰੂ ਸਾਹਿਬ ਦਾ ਇਹ ਆਗ੍ਰਹਿ ਨਹੀਂ ਰਿਹਾ ਕਿ ਅਧਿਆਤਮਵਾਦੀਆਂ ਦਾ ਰਾਜਨੀਤਿਕ ਪ੍ਰਸੰਗਾਂ ਨਾਲ ਕੀ ਵਾਹ ਵਾਸਤਾ? ਭਲਕਿ ਗੁਰੂ ਸਾਹਿਬ ਇਹ ਜਾਣਦੇ ਸਨ ਕਿ ਜਿਤਨੀ ਦੇਰ ਤਕ ਰਾਜਨੀਤਿਕ ਵਿਵਸਥਾ ਵਿਚ ਮਾਨਵਤਾਵਾਦੀ ਪਰਿਪੇਖ ਨੂੰ ਜਿਤਨੀ ਦੇਰ ਤਕ ਰਾਜਨੀਤਿਕ ਵਿਵਸਥਾ ਵਿਚ ਮਾਨਵਤਾਵਾਦੀ ਪਰਿਪੇਖ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ, ਉਤਨੀ ਦੇਰ ਤਕ 'ਸਰਬੱਤ ਦੇ ਭਲੇ' ਦੀ ਕਾਮਨਾ ਕਰਨੀ ਇਕ ਭਰਮ ਸਿੱਧ ਹੋਵੇਗਾ। ਇਹੀ ਕਾਰਨ ਹੈ ਕਿ ਚਾਹੇ ਉਨ੍ਹਾਂ ਦੇ ਯੁੱਗ ਵਿਚ ਬਾਬਰ ਦੇ ਹਮਲੇ ਦੀ ਘਟਨਾ ਵਾਪਰੀ, ਚਾਹੇ ਰਾਜਸੀ ਆਗੂਆਂ ਦੀ ਲੁੱਟ-ਖਸੁੱਟ ਜਾਂ ਜਬਰ-ਜ਼ੁਲਮ ਸੀ, ਗੁਰੂ ਜੀ ਨੇ ਇਹੋ ਜਿਹੀ ਹਰ ਘਟਨਾ ਦਾ ਭਰਪੂਰ ਨੋਟਿਸ ਲਿਆ। ਗੁਰੂ ਜੀ ਆਪਣੇ ਯੁੱਗ ਦੇ ਸ਼ਿਰੋਮਣੀ ਪੈਗੰਬਰ ਸਨ ਅਤੇ ਉਨ੍ਹਾਂ ਦੁਆਰਾ ਕਹੀ ਜਾਂ ਕਾਵਿ-ਬੱਧ

ਕੀਤੀ ਹਰ ਘਟਨਾ ਸਥਾਨਕ ਮੁੱਲਾਂ-ਮੌਲਾਣਿਆਂ ਅਤੇ ਉਸ ਸਮੇਂ ਦਾ ਰਾਜਿਆਂ-ਰਜਵਾੜਿਆਂ ਪਾਸ ਪਹੁੰਚ ਜਾਂਦੀ ਸੀ ਪਰੰਤੂ ਇਸਦੇ ਬਾਵਜੂਦ ਗੁਰੂ ਸਾਹਿਬ ਨੇ ਪੂਰਨ ਤੌਰ ਤੇ ਨਿਰਭੈ ਹੋ ਕੇ ਹੱਕ ਅਤੇ ਸੱਚ ਦੀ ਸਲਾਮਤੀ ਖ਼ਾਤਰ ਆਪਣੀ ਆਵਾਜ਼ ਬੁਲੰਦ ਕੀਤੀ। 'ਮਾਝ ਦੀ ਵਾਰ' ਵਿਚ ਵੀ ਰਾਜਨੀਤਿਕ ਪ੍ਰਸੰਗਾਂ ਨਾਲ ਯੁਕਤ ਆਪਦੀਆਂ ਬਹੁਤ ਸਾਰੀਆਂ ਇਲਕਲਾਬੀ ਉਕਤੀਆਂ ਦੇਖੀਆਂ ਜਾ ਸਕਦੀਆਂ ਹਨ। ਜਿਵੇਂ:

"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ॥

ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥

ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ "[53]

**3.4.9 ਨਾਸ਼ਮਾਨ:-** ਗੁਰੂ ਨਾਨਕ ਜੀ ਦੀ ਮਾਝ ਦੀ ਵਾਰ ਵਿਚ ਨਾਸ਼ਮਾਨਤਾ ਦੀ ਵੀ ਗੱਲ ਕੀਤੀ ਹੈ। ਹਰੇਕ ਉਹ ਚੀਜ਼ ਨਾਸ਼ਮਾਨ ਹੈ ਜਿਸ ਨੂੰ ਬੰਦਾ ਆਪਣੀ ਸਮਝਦਾ ਹੈ। ਸਦਾ ਕਾਇਮ ਰਹਿਣ ਵਾਲਾ ਸੰਸਾਰ ਦੀਆਂ ਚੀਜ਼ਾਂ ਬਣਾਉਣ ਵਾਲਾ ਉਹ ਰੱਬ ਹੀ ਹੈ'ਤੇ ਉਸਦੀ ਪਛਾਣ ਉਸਦੀ ਰਚੀ ਕੁਦਰਤ ਵਿਚੋਂ ਹੁੰਦੀ ਹੈ।

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥ ਹਟ ਪਟਣ ਬਾਜਾਰ ਹੁਕਮੀ ਢਹਸੀਓ॥

ਪਕੇ ਬੰਕ ਦੁਆਰ ਮੂਰਖ ਜਾਣੈ ਆਪਣੇ॥ ਦਰ ਬਿ ਭਰੇ ਭੰਡਾਰ ਰੀਤੇ ਇਕਿ ਖਣੇ॥ "[54]

ਸੋ 'ਮਾਝ ਦੀ ਵਾਰ' ਦਾ ਸਰਵਪੱਖੀ ਵਿਸ਼ੇਲਸ਼ਣ ਕਰਨ ਤੋਂ ਇਹ ਬਾਅਦ ਇਹ ਪਤਾ ਲੱਗਦਾ ਹੈ ਕਿ 'ਮਾਝ ਦੀ ਵਾਰ' ਗੁਰੂ ਜੀ ਦੀ ਉੱਤਮ ਰਚਨਾ ਹੈ। 'ਮਾਝ ਦੀ ਵਾਰ' ਕਾਵਿ ਦੇ ਆਧਾਰ ਤੇ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ 'ਪਰਮਾਤਮਾ' ਦੇ ਦਰ ਦਾ ਢਾਡੀ ਮੰਨਦੇ ਹਨ, ਜੋ ਕਿ ਦਿਨ ਅਤੇ ਰਾਤ 'ਪਰਮਾਤਮਾ' ਦੇ ਜਸ ਦੀਆਂ ਵਾਰਾਂ ਦਾ ਗਾਇਨ ਕਰਦੇ ਹੋਏ 'ਪਰਮਾਤਮਾ' ਦੇ ਸੱਚੇ ਸੰਦੇਸ਼ ਨੂੰ ਪੂਰੀ ਦੁਨੀਆ ਤੱਕ ਪਹੁੰਚਾ ਰਿਹਾ ਹੈ।

## ਹਵਾਲੇ ਅਤੇ ਟਿੱਪਣੀਆਂ:-

1.ਗੁਰੂ ਗ੍ਰੰਥ ਸਾਹਿਬ, ਅੰਗ 94

2.ਉਹੀ, ਅੰਗ 137

3.ਭਾਈ ਕਾਨ੍ਹਸਿੰਘਨਾਭਾ, ਮਹਾਨ ਕੋਸ਼, ਪੰਨਾ 961

4.ਪ੍ਰੋ. ਸਾਹਿਬ ਸਿੰਘ, ਗੁਰੂ ਗ੍ਰੰਥ ਦਰਪਣ, ਪੰਨਾ 575

5.ਗੁਰੂ ਗ੍ਰੰਥ ਸਾਹਿਬ, ਅੰਗ 1410

6.ਉਹੀ, ਅੰਗ 138

7. ਉਹੀ, ਅੰਗ 138-139

8.ਉਹੀ, ਅੰਗ 139

9. ਉਹੀ, ਅੰਗ

10. ਉਹੀ, ਅੰਗ 140

11. ਉਹੀ, ਅੰਗ

12. ਉਹੀ, ਅੰਗ 141

13. ਉਹੀ, ਅੰਗ

14. ਉਹੀ, ਅੰਗ 142

15. ਉਹੀ, ਅੰਗ

16. ਉਹੀ, ਅੰਗ 143

17. ਉਹੀ, ਅੰਗ

18.ਉਹੀ, ਅੰਗ 144

19.ਉਹੀ, ਅੰਗ

20. ਉਹੀ, ਅੰਗ 145

21. ਉਹੀ, ਅੰਗ

22. ਉਹੀ, ਅੰਗ 146

23. ਉਹੀ, ਅੰਗ 146-147

24. ਉਹੀ, ਅੰਗ 147

25. ਉਹੀ, ਅੰਗ

26. ਉਹੀ, ਅੰਗ 148

27. ਉਹੀ, ਅੰਗ

28. ਉਹੀ, ਅੰਗ 149

29. ਉਹੀ, ਅੰਗ

30. ਉਹੀ, ਅੰਗ

31. ਉਹੀ, ਅੰਗ 150

32. ਉਹੀ, ਅੰਗ

33. ਉਹੀ, ਅੰਗ 137

34. ਉਹੀ, ਅੰਗ 138

35. ਉਹੀ, ਅੰਗ 140-141

36. ਉਹੀ, ਅੰਗ 143

37. ਉਹੀ, ਅੰਗ 143-144

38. ਉਹੀ, ਅੰਗ 144

39. ਉਹੀ, ਅੰਗ 144

40. ਗੁਰੂ ਗ੍ਰੰਥ ਸਾਹਿਬ ‘ਮਾਝ ਦੀ ਵਾਰ, ਪਹਿਲੀ ਪਉੜੀ, ਅੰਗ 138

41. ਤੀਜੀ ਪਉੜੀ, ਉਹੀ, ਅੰਗ 138

42. ਉਹੀ,ਅੰਗ 141

43. ਉਹੀ,ਅੰਗ 143

44. ਉਹੀ,ਅੰਗ 138

45. ਉਹੀ‘ਮਾਝ ਦੀ ਵਾਰ’ ਅੰਗ 144

46. ਉਹੀ,ਅੰਗ 148

47. ਉਹੀ,ਅੰਗ 138

48. ਉਹੀ,ਅੰਗ 140

49. ਗੁਰੂ ਗ੍ਰੰਥ ਸਾਹਿਬ ‘ਮਾਝ ਦੀ ਵਾਰ’ ਅੰਗ 141

50. ਉਹੀ,ਅੰਗ 140

51. ਉਹੀ,ਅੰਗ 141

52. ਉਹੀ,ਅੰਗ 140

53. ਉਹੀ, ਅੰਗ

54. ਉਹੀ, ਅੰਗ 141

# ਅਧਿਆਇ ਚੌਥਾ

# ਮਾਝ ਦੀ ਵਾਰ ਦਾ ਕਲਾਤਮਕ ਪੱਖ

ਗੁਰੂ ਨਾਨਕ-ਬਾਣੀ ਅਧਿਆਤਮਕ ਜਗਤ ਦੀਆਂ ਰਮਜ਼ਾਂ ਨੂੰ ਖੋਲ੍ਹਣ ਵਾਲੀ ਮਹਾਨ ਰਚਨਾ ਹੈ। ਮਾਝ ਦੀ ਵਾਰ ਰਚਨਾ ਵਿਚ ਕਲਾਤਮਕ ਪੱਖ ਦੀ ਭਰਪੂਰ ਪੇਸ਼ਕਾਰੀ ਮਿਲਦੀ ਹੈ। ਉੱਪਰ ਨਿਰਭਰ ਕਰਦੀ ਹੈ। 'ਮਾਝ ਦੀ ਵਾਰ' ਦਾ ਕਲਾਤਮਕ ਪੱਖ ਇਸ ਰਚਨਾ ਦੇ ਅੰਦਰੀਵੀਂ ਤੇ ਬਾਹਰੀ ਸੁਹਜ ਨੂੰ ਵਧਾਉਂਦੇ ਹਨ। ਸਾਹਿਤ ਦੀ ਕਾਵਿ-ਵਿਧਾ ਨੂੰ ਜਦੋਂ ਸਿਰਜਿਆਂ ਜਾਂਦਾ ਹੈ ਤਾਂ ਦੋ ਗੱਲਾਂ ਪ੍ਰਮੁੱਖ ਹੁੰਦੀਆਂ ਹਨ। ਕਵੀ ਦਾ ਆਪਣਾ ਮਾਨਸਿਕ ਸੰਕਲਪ ਹੁੰਦਾ ਹੈ ਜੋ ਉਸਦੀ ਅਭਿਵਿਅਕਤੀ ਹੁੰਦੀ ਹੈ। ਇਕ ਕਵੀ ਦੇ ਮਨ ਵਿਚ ਜੋ ਅਨੁਭਵ ਪੈਦਾ ਹੁੰਦੇ ਹਨ ਉਸੇ ਅਨੁਸਾਰ ਹੀ ਉਸਦੀ ਅਭਿਵਿਅਕਤੀ ਹੁੰਦੀ ਹੈ। ਸਾਹਿਤ ਰਚਨ ਵਾਲੇ ਵਿਅਕਤੀ ਦਾ ਜੀਵਨ ਜਿੰਨਾ ਸਰਲ, ਗੰਭੀਰ ਅਤੇ ਵਿਸ਼ਾਲ ਹੋਵੇਗਾ ਉਸਦੀ ਰਚਨਾ ਉਨੀ ਹੀ ਸਰਲ ਤੇ ਵਧੀਆ ਹੋਵੇਗੀ।

ਗੁਰੂ ਨਾਨਕ ਦੇਵ ਜੀ ਇਕ ਅਨੁਭਵੀ ਸਾਹਿਤਕਾਰ ਸਨ।ਗੁਰੂ ਜੀ ਦੇ ਅਨੁਭਵੀ ਸੱਚ ਦੀ ਅਭਿਵਿਅਕਤੀ ਦਾ ਮਾਧਿਅਮ ਉਨ੍ਹਾਂ ਦੀ ਬਾਣੀ ਹੀ ਹੈ। ਗੁਰੂ ਜੀ ਦਾ ਕਾਵਿ ਸਿਰਜਣ ਦਾ ਉਦੇਸ਼ ਮਨੁੱਖ ਦਾ ਸਰਵਪੱਖੀ ਵਿਕਾਸ ਕਰਨਾ ਸੀ। ਗੁਰੂ ਨਾਨਕ ਦੇਵ ਜੀ ਦੀ 'ਮਾਝ ਦੀ ਵਾਰ' ਵਿਚ ਅਨੁਭਵ ਦੀ ਅਭਿਵਿਅਕਤੀ ਦੇ ਜੋ ਕਲਾਤਮਕ ਰੂਪੀ ਸਾਧਨ ਸਹਿਜ ਸੁਭਾ ਪੇਸ਼ ਹੋਏ ਹਨ ਉਹ ਇਸ ਪ੍ਰਕਾਰ ਹਨ:

**ਰੂਪ ਪੱਖ**:- 'ਮਾਝ ਦੀ ਵਾਰ' ਵਿਚ ਕੁਲ 27 ਪਉੜੀਆਂ ਹਨ। ਇਨ੍ਹਾਂ ਵੱਖ-ਵੱਖ ਪਉੜੀਆਂ ਦੇ ਨਾਲ 63 ਸਲੋਕ ਵੀ ਸ਼ਾਮਿਲ ਹੈ। 63 ਸ਼ਲੋਕਾਂ ਵਿਚੋਂ 46 ਸਲੋਕ ਗੁਰੂ ਨਾਨਕ ਦੇਵ ਜੀ ਦੁਆਰਾ ਰਚੇ ਗਏ ਹਨ। ਮਾਝ ਦੀ ਵਾਰ ਵਿਚ ਤੀਜੀ, ਅਠਾਰ੍ਹਵੀਂ ਅਤੇ ਪੱਚੀਵੀਂ ਪਉੜੀ ਨਾਲ ਗੁਰੂ ਨਾਨਕ ਦੇਵ ਜੀ ਦਾ ਕੋਈ ਸਲੋਕ ਦਰਜ ਨਹੀਂ ਹੈ ਜਦ ਕਿ ਬਾਕੀ ਪਉੜੀਆਂ ਨਾਲ ਗੁਰੂ ਸਾਹਿਬ ਦਾ ਕੋਈ-ਨਾ-ਕੋਈ ਸਲੋਕ ਦਰਜ ਹੈ।

## 4.1 ਮੰਗਲਾਚਰਣ

'ਵਾਰ' ਕਾਵਿ ਦੀ ਪਰੰਪਰਾ ਅਨੁਸਾਰ ਗੁਰੂ ਸਾਹਿਬ ਨੇ ਇਸ ਵਾਰ ਦੇ ਆਰੰਭ ਵਿਚ 'ਮੰਗਲਾਚਰਣ' ਅੰਕਿਤ ਕੀਤਾ ਹੈ। ਮੰਗਲਾਚਰਣ ਵਾਲੇ ਸ਼ਲੋਕ ਤੋਂ ਉਪਰੰਤ ਦੋ ਸਲੋਕ ਹੋਰ ਆਏ ਹਨ। ਇਹ ਸਾਰੇ ਸਲੋਕਗੁਰੂ ਨਾਨਕ ਦੇਵ ਜੀ ਦੀ ਰਚਨਾ ਹਨ। ਪਿਛਲੇ ਦੋ ਸਲੋਕਾਂ ਵਿਚ ਗੁਰੂ ਸਾਹਿਬ ਵਿਅਕਤੀ ਦੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਹਾਰਕ ਪੜਾਵਾਂ ਅਤੇ ਕਲਾਗਤ ਵਿਸ਼ਿਸ਼ਟਤਾਵਾਂ ਦਾ ਸੰਖੇਪ ਬਿਆਨ ਕਰਦੇ ਹਨ। ਇਨ੍ਹਾਂ ਸਲੋਕਾਂ ਵਿਚ ਗੁਰੂ ਜੀ ਦਾ ਉਪਦੇਸ਼ ਹੈ ਕਿ ਇਹ ਜਗਤ ਨਾਸ਼ਮਾਨ ਹੈ। ਇਸ ਦੀ ਕੋਈ ਹਕੀਕਤ ਨਹੀਂ ਹੈ। ਜਿਹੜੇ ਲੋਕ ਇਸ ਦੇ

ਬਾਹਰੀ ਆਕ੍ਰਸ਼ਣ ਵਿਚ ਫਸ ਜਾਂਦੇ ਹਨ ਅਤੇ ਅੰਤਰੀਵ ਮੱਹਤਵ ਤਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕਰਦੇ, ਉਹ ਮਨਮੁਖ ਕਹੇ ਜਾਂਦੇ ਹਨ। ਉਨ੍ਹਾਂ ਦਾ ਸਾਰਾ ਜੀਵਨ ਬੇਕਾਰ ਚਲਾ ਜਾਂਦਾ ਹੈ। ਪਰ ਦੂਜੇ ਪਾਸੇ ਜਿਹੜੇ ਪ੍ਰਾਣੀ ਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕਰ ਲੈਂਦੇ ਹਨ, ਉਨ੍ਹਾਂ ਦਾ ਪਾਰ ਉਤਾਰਾ ਹੋ ਜਾਂਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

"ਨਾਨਕ ਮਨਮੁਖਿ ਅੰਧੁ ਪਿਆਰੁ॥

ਬਾਝੁਗੁਰੂ ਡੁਬਾ ਸੰਸਾਰੁ॥"

## 4.2 ਬਣਤਰ ਪ੍ਰਬੰਧ

ਜਦੋਂ ਅਸੀਂ 'ਮਾਝ ਕੀ ਵਾਰ' ਦਾ ਕਲਾਤਮਕਅਧਿਐਨ ਕਰਦੇ ਹਾਂ ਤਾਂ ਇਸ ਰਹੱਸ ਦੀ ਸਹਿਜੇ ਹੀ ਪ੍ਰਤੀਤੀ ਹੁੰਦੀ ਕਿ ਗੁਰੂ ਨਾਨਕ ਦੇਵ ਜੀ ਦਾ ਇਸ ਵਾਰ ਦੀਆਂ ਸਾਰੀਆਂ 27 ਪਉੜੀਆਂ ਵਿਚ ਅਧਿਆਤਮ ਨਾਲ ਜੁੜਿਆ ਹਰ ਵਿਚਾਰ ਅਤੇ ਰਚਨਾਤਮਕ ਅਨੁਭਵ ਬੜੀ ਗਹਿਰਾਈ ਅਤੇ ਬ੍ਰਹਿਮੰਡੀ ਅਨੁਭਵ ਵਾਲਾ ਹੈ। ਇਸ ਵਾਰ ਵਿਚ ਕੁਲ 63 ਸਲੋਕ ਹਨ। ਇਨ੍ਹਾਂ ਕੁਲ ਸਲੋਕਾਂ ਵਿਚੋਂ 46 ਸਲੋਕ ਗੁਰੂ ਨਾਨਕ ਸਾਹਿਬ ਜੀ ਦੇ ਦਰਜ ਹਨ, 12 ਸਲੋਕ ਮਹਲਾ ਦੂਜਾ ਗੁਰੂ ਅੰਗਦ ਸਾਹਿਬ ਜੀ ਦੇ ਹਨ, 3 ਸਲੋਕ ਮਹਲਾ ਤੀਜਾ ਗੁਰੂ ਅਮਰਦਾਸ ਜੀ ਦੇ ਹਨ ਅਤੇ 2 ਸਲੋਕ ਮਹਲਾ ਚੌਥਾ ਗੁਰੂ ਰਾਮਦਾਸ ਜੀ ਦੇ ਹਨ। ਕੁਲ 27 ਪਉੜੀਆਂ ਵਿਚੋਂ ਸਿਰਫ਼ 14 ਪਉੜੀਆਂ ਅਜਿਹੀਆਂ ਹਨ, ਜਿਨ੍ਹਾਂ ਨਾਲ ਸਲੋਕ ਸਿਰਫ਼ਗੁਰੂ ਨਾਨਕ ਦੇਵ ਜੀ ਦੇ ਹਨ, ਪਰ ਇਨ੍ਹਾਂ ਸ਼ਲੋਕਾਂ ਦੀ ਗਿਣਤੀ ਹਰੇਕ ਪਉੜੀ ਨਾਲ ਇਕੋ ਜੇਹੀ ਨਹੀਂ । ਬਾਕੀ 10 ਪਉੜੀਆਂ ਨਾਲ ਦੋ-ਦੋ ਸਲੋਕ ਹਨ ਅਤੇ 4 ਪਉੜੀਆਂ ਨਾਲ ਸਲੋਕ ਵੇਰਵਾ ਇਸ ਪ੍ਰਕਾਰ ਹੈ: ਪਉੜੀ ਨੰਬਰ 1 ਨਾਲ 3 ਸਲੋਕ, ਪਉੜੀ ਨੰ. 7 ਨਾਲ 3 ਸਲੋਕ, ਪਉੜੀ ਨੰ. 9 ਨਾਲ 4 ਸਲੋਕ ਹਨ। ਪਉੜੀ ਨੰ. 3, 8, 22, 25 ਨਾਲ ਕੋਈ ਵੀ ਸਲੋਕ ਗੁਰੂ ਨਾਨਕ ਸਾਹਿਬ ਦਾ ਨਹੀਂ ਹੈ। ਬਾਕੀ ਰਹੀਆਂ 9 ਪਉੜੀਆਂ ਨਾਲ ਇਕ-ਇਕ ਸਲੋਕ ਗੁਰੂ ਨਾਨਕ ਸਾਹਿਬ ਜੀ ਦਾ ਅਤੇ ਇਕ-ਇਕ ਹੋਰ ਗੁਰੂ ਵਿਅਕਤੀ ਦਾ ਹੈ। ਹਰੇਕ 'ਪਉੜੀ' ਵਿਚ ਤੁਕਾਂ ਦੀ ਗਿਣਤੀ ਇਕੋ ਜਿਹੀ ਹੋਣ ਤੋਂ ਇਹ ਗੱਲ ਸਾਫ਼ ਜਾਪਦੀ ਕਿ ਗੁਰੂ ਨਾਨਕ ਦੇਵ ਜੀ ਨੇ ਇਹ 'ਵਾਰ' ਲਿਖਣ ਵੇਲੇ 'ਕਵਿਤਾ' ਦੇ ਸੋਹਜ ਦਾ ਵੀ ਬਰਾਬਰ ਖ਼ਿਆਲ ਰੱਖਿਆ ਹੈ।ਸੋ ਸਪੱਸ਼ਟ ਕਿ ਇਸ 'ਵਾਰ' ਦਾ ਪਹਿਲਾ ਸਰੂਪ ਸਿਰਫ਼ 'ਪਉੜੀਆਂ' ਅਤੇ ਸਲੋਕ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ' ਦੀ ਸੰਪਾਦਨਾ ਵੇਲੇ ਦਰਜ ਕੀਤੇ ਹਨ।

## 4.3 ਪਉੜੀ

'ਪਉ' ਧਾਤੂ ਤੋਂ ਬਣਿਆ ਸ਼ਬਦ। 'ਪਉ' ਧਾਤੂ ਦੇ ਅਰਥ ਹਨ ਪੈਰ ਅਤੇ ਪਉੜੀ ਦੇ ਅਰਥ ਹਨ ਪੈਰ ਰੱਖਣ ਦੀ ਥਾਂ, ਛੱਤ ਉੱਤੇ ਪਹੁੰਚਣ ਲਈ ਦਸ ਪਉੜੀਆਂ ਚੜ੍ਹਨਾ ਪੈਂਦਾ ਹੈ ਤਾਂ ਇਸਦਾ ਸਿੱਧਾ ਅਰਥ ਇਹ ਹੈ ਕਿ ਛੱਤ ਉੱਤੇ ਪੈਰ ਧਰਨ ਲਈ ਦਸ ਬਾਰ ਕਦਮ ਉੱਪਰ ਉਠਾਣਾ ਪੈਂਦਾ ਹੈ। ਪਉੜੀ ਦਾ ਹਰ ਡੰਡਾ ਹੀ ਇਕ

ਪੜਾਅ ਹੈ ਮੰਜ਼ਲ ਹੈ। ਸਾਹਿਤ ਵਿਚ ਪਉੜੀ ਦੀ ਵਰਤੋਂ ਕਿਸੇ ਕਾਵਿ-ਪ੍ਰੰਬਧ ਨੂੰ ਕਦਮ ਦਰ ਕਦਮ ਸਿਰਜਣ ਵਾਸਤੇ ਕੀਤੀ ਜਾਂਦੀ ਹੈ ਜਪੁ ਵਿਚ ਸਚਿਆਰ ਦੀ ਘਾੜਤ ਦਾ ਬਿਰਤਾਂਤ ਗੁਰੂ ਨਾਨਕ ਦੇਵ ਨੇ ਅੱਠਤੀ ਪਉੜੀਆਂ ਵਿਚ ਪੇਸ਼ ਕੀਤਾ ਹੈ ਤੇ ਇਸਦਾ ਸੂਤਰਬੱਧ ਸਾਰਾਸ਼ ਇਸਦੇ ਅੰਤਿਮ ਸ਼ਲੋਕ ਵਿਚ ਦਰਜ ਕਰ ਕੇ ਇਸ ਕਾਵਿ-ਰੂਪ ਦੇ ਮੱਹਤਵ ਨੂੰ ਬੜੀ ਖ਼ੂਬਸੂਰਤੀ ਨਾਲ ਸਾਕਾਰ ਕੀਤਾ ਜਾਂਦਾ ਹੈ ਪਉੜੀ ਵਾਰ ਦਾ ਪਿੰਡਾ ਹੈ ਮਤਲਬ ਸਰੀਰ ਹੈ ਉਹਨਾਂ ਦੀ ਲੀਹ ਉੱਤੇ ਤੁਰਦੇ ਹੋਏ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਸੰਤਾ ਬਲਵੰਡ ਨੇ ਪਉੜੀ ਦੇ ਕਾਵਿ-ਰੂਪਾਂ ਨਾਲ ਵਾਰਾਂ ਦੀ ਉਸਾਰੀ ਕੀਤੀ। ਭਾਈ ਗੁਰਦਾਸ ਨੇ ਵੀ ਵਾਰਾਂ ਦੀ ਉਸਾਰੀ ਲਈ ਛੰਦਾਂ ਦੀ ਵਰਤੋਂ ਕੀਤੀ। ਚੰਡੀ ਦੀ ਵਾਰ ਅਤੇ ਉਸ ਪਿੱਛੇ ਦੇ ਸਮੁੱਚੇ ਵਾਰ ਸਾਹਿਤ ਵਿਚ ਪਉੜੀਆਂ ਦੀ ਵਰਤੋਂ ਹੋਈ ਹੈ। ਵਾਰਾਂ ਤੋਂ ਬਿਨਾਂ ਬਾਰਮਾਹ, ਮਹਾਕਾਵਿ ਤੇ ਪ੍ਰਬੰਧ ਕਾਵਿ-ਰੂਪਾਂ ਵਿਚ ਪਉੜੀ ਦੀ ਵਰਤੋਂ ਦੇ ਦਰਸ਼ਨ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸੁਖਮਨੀ ਬਾਵਨ ਅੱਖਰੀ, ਪੱਟੀ ਸਿੱਧ ਗੋਸਿਟ, ਅੰਨਦ, ਜਿਹੀਆਂ ਲੰਬੀਆਂ ਰਚਨਾਵਾਂ ਪਉੜੀਆਂ ਨਾਲ ਹੀ ਉਸਾਰੀਆ ਗਈਆਂ ਹਨ। ਇਨ੍ਹਾਂ ਵਿਚ ਵਿਸ਼ੇ ਅਨੁਸਾਰ ਪਉੜੀ ਦੀਆਂ ਤੁਕਾਂ ਦੀ ਗਿਣਤੀ ਵੱਧਦੀ-ਘੱਟਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਤੇ ਕੁਝ ਸਾਹਿੱਤ-ਸ਼ਾਸਤਰੀਆਂ ਦਾ ਵਿਚਾਰ ਹੈ ਕਿ 'ਵਾਰ' ਕੇਵਲ ਪਉੜੀਆਂ ਵਿਚ ਹੀ ਰਚੀ ਜਾਂ ਸਕਦੀ ਹੈ। "ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪੈਰ ਰੱਖਣ ਦੀ ਥਾਂ, ਪਦਵੀ, ਇਕ ਛੰਦ ਅਤੇ ਪਉੜੀ ਨੂੰ ਇਕ ਵਿਸ਼ੇਸ਼ ਪ੍ਰਕਾਰ ਦੇ ਛੰਦ ਦਾ ਨਾਮ ਦਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਅਨੇਕ ਛੰਦ 'ਪਉੜੀ' ਸਿਰਲੇਖ ਹੇਠ ਦੇਖੇ ਜਾ ਸਕਦੇ ਹਨ।"[1] ਸਿੱਖ-ਕਾਵਿ ਵਿਚ ਪਉੜੀ ਦੇ ਕਈ ਰੂਪ ਆਏ ਹਨ। ਦੋਹਾ ਰੂਪ, ਚੋਪਈ ਰੂਪ, ਹੰਸ ਗੀਤ ਆਦਿਕ। ਪਉੜੀ ਵਿਚ ਚਰਣਾਂ ਦੀ ਗਿਣਤੀ ਪੰਜ, ਛੇ, ਅੱਠ ਅਤੇ ਬਾਰਾਂ ਤੱਕ ਹੋ ਸਕਦੀ ਹੈ। 'ਮਾਝ ਦੀ ਵਾਰ' ਵਿਚ ਅੱਠ ਚਰਣਾਂ ਵਾਲੀ ਪਉੜੀ ਦਾ ਪ੍ਰਯੋਗ ਹੋਇਆ ਹੈ ਪਰੰਤੂ ਮਾਤ੍ਰਵਾਂ ਦੀ ਗਿਣਤੀ ਤੋਂ ਇਨ੍ਹਾਂ ਪਉੜੀਆਂ ਵਿਚ ਕਈ ਅਸਮਾਨਤਾ ਹੈ। ਅਠਾਰਾਂ ਮਾਤ੍ਰਾਵਾਂ ਤੋਂ ਲੈ ਕੇ ਉੱਨਤੀ ਮਾਤ੍ਰਾਵਾਂ ਤਕ ਦੀਆਂ ਪਉੜੀਆਂ ਇਸ ਵਾਰ ਵਿਚ ਵੇਖੀਆਂ ਜਾ ਸਕਦੀਆਂ ਹਨ।"[2]

"ਸਚਾ ਭੋਜਨ ਭਾਉ ਸਤਿਗੁਰਿ ਦਸਿਆ॥ (18 ਮਾਤ੍ਰਾਵਾਂ)

ਸਚੇ ਹੀ ਪਤੀਆਇ ਸਚਿ ਵਿਗਸਿਆ॥"[3]( 18 ਮਾਤ੍ਰਾਵਾਂ)

ਅਤੇ

"ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ॥ (29 ਮਾਤ੍ਰਾਵਾਂ)

ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤ ਖੁਆਇਆ॥"[4] (29 ਮਾਤ੍ਰਾਵਾਂ)

ਵਾਰ ਵਿਚ 'ਪਉੜੀ' ਦੀ ਗਤੀ ਨੂੰ ਤਿੱਖੀ ਅਤੇ ਜੋਸ਼ੀਲੀ ਬਣਾਉਣ ਲਈ ਸਿਰਖੰਡੀ ਛੰਦ ਦਾ ਪ੍ਰਯੋਗ ਵੀ ਕਰ ਲਿਆ ਜਾਂਦਾ ਹੈ। ਸਿਰਖੰਡੀ ਦੀ ਵੱਡੀ ਨਿਸ਼ਾਨੀ ਹੈ ਕਿ ਇਸ ਵਿਚ ਤੁਕਾਂਤ ਪੰਕਤੀ ਦੇ ਅੰਤ ਦੀ ਬਜਾਇ

ਪੰਕਤੀ ਦੇ ਮਧ ਵਿਚ ਮੇਲਿਆ ਜਾਂਦਾ ਹੈ। ਗੁਰੂ ਸਾਹਿਬ ਦੀਆਂ ਕਈ ਪਉੜੀਆਂ ਵਿਚ ਇਸ ਛੰਦ ਦਾ ਪ੍ਰਯੋਗ ਦੇਖਿਆ ਜਾ ਸਕਦਾ ਹੈ।

"ਕਿਉ ਕਰਿ ਪੂਰੇ ਵਟਿ ਤੋਲਿ ਤੁਲਾਈਐ॥ (10+10=20 ਮਾਤ੍ਰਾਵਾਂ)

ਕੋਇ ਨ ਆਖੈ ਘਟਿ ਹਉਮੈ ਜਾਈਐ॥"[5] (10+10=20 ਮਾਤ੍ਰਾਵਾਂ)

ਅਤੇ

"ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥

ਹਟ ਪਟਣ ਬਾਜਾਰ ਹੁਕਮੀ ਢਹਸੀਓ॥

ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥

ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥"[6]

ਕਈ ਪਉੜੀਆਂ ਵਿਚ ਮਧ ਅਤੇ ਅੰਤ ਵਿਚ ਦੋਵੇਂ ਥਾਂ ਤੁਕਾਂਤ ਮੇਲ ਕੇ ਗੁਰੂ ਜੀ ਨੇ ਕਾਵਿ ਕਲਾ ਦੇ ਖੇਤਰ ਵਿਚ ਇਕ ਨਵਾਂ ਪ੍ਰਯੋਗ ਵੀ ਕੀਤਾ ਹੈ।

"ਜਾਤੀ ਦੈ ਕਿਆ ਹਥਿ ਸਚੁ ਪਰਖੀਐ॥

ਮਹੁਰਾ ਹੋਵੈ ਹਥਿ ਮਰੀਐ ਚਖੀਐ॥

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥

ਹੁਕਮੁ ਮੰਨੇ ਸਿਰਦਾਰ ਦਰਿ ਦੀ ਬਾਣੀਐ॥"[7]

## 4.4 ਸੰਗਠਨ

ਇਸ ਵਾਰ ਦਾ ਰੂਪ-ਪ੍ਰਬੰਧ ਅਤੇ ਸੰਗਠਨ, ਵਾਰ ਦੀਆਂ ਰੂਪਕਾਰਕ ਜ਼ਰੂਰਤਾਂ ਉਪਰ ਕਾਫ਼ੀ ਹੱਦ ਤੱਕ ਪੂਰਾ ਉੱਤਰਦਾ ਹੈ। ਵਾਰ ਦੇ ਆਰੰਭ ਵਿਚ ਇਸ ਵਾਰ ਦੀ ਧੁਨੀ ਸੰਬੰਧੀ ਸੰਕੇਤ ਅੰਕਿਤ ਕੀਤਾ ਗਿਆ ਹੈ। ਇਹ ਵਾਰ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਧੁਨੀ ਉਪਰ ਗਾਉਣ ਦਾ ਆਦੇਸ਼ ਹੋਇਆ ਹੈ। ਮਲਕ ਮੁਰੀਦ ਅਤੇ ਚੰਦ੍ਰਹੜਾ ਸੋਹੀਆ ਅਕਬਰ ਦੇ ਦੋ ਪ੍ਰਸਿੱਧ ਸਰਦਾਰ ਸਨ। ਇਹ ਦੋਵੇਂ ਇਕ-ਦੂਜੇ ਨਾਲ ਈਰਖਾ ਕਰਦੇ ਸਨ। ਇਕ ਵਾਰ ਕਿਸੇ ਕਾਰਨ ਦੋਹਾਂ ਵਿਚ ਲੜਾਈ ਹੋ ਗਈ ਅਤੇ ਇਸ ਲੜਾਈ ਵਿਚ ਦੋਵੇਂ ਇਕ-ਦੂਜੇ ਹੱਥੋਂ ਮਾਰੇ

ਗਏ। ਗੁਰੂ ਨਾਨਕ ਦੇਵ ਜੀ ਦੀ ਇਹ ਵਾਰ ਰੂਪਕਾਰਕ ਦ੍ਰਿਸ਼ਟੀ ਤੋਂ ਉਕਤ ਲੋਕ-ਵਾਰ ਦੇ ਕਾਫ਼ੀ ਨੇੜੇ ਹੈ। ਇਹੀ ਕਾਰਨ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਢਾਡੀਆਂ ਨੂੰ ਇਹ ਵਾਰ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ' ਦੀ ਧੁਨੀ ਉਪਰ ਗਾਉਣ ਦਾ ਆਦੇਸ਼ ਦਿੱਤਾ ਹੈ।"[8] ਵਾਰ ਦੇ ਅਂਰਭ ਵਿਚ 'ਮੰਗਲ ਸ਼ਬਦ' ਅੰਕਿਤ ਹੋਏ ਹਨ ਜੋ ਗੁਰੂ ਸਾਹਿਬ ਦੁਆਰਾ ਰਚੇ ਗਏ ਮੂਲ-ਮੰਤਰ ਦਾ ਹੀ ਇਕ ਸੰਖਿਪਤ ਰੂਪ ਹਨ।

"੧ਓ ਸਤਿਨਾਮ ਕਰਤਾ ਪੁਰਖੁ ਗੁਰ ਪ੍ਰਸਾਦਿ॥"[9]

ਇਸ ਤੋਂ ਬਾਅਦ 'ਮੰਗਲਾਚਰਣ' ਹੈ। ਇਸ ਮੰਗਲਾਚਰਣ ਵਿਚ ਗੁਰੂ ਸਾਹਿਬ ਨੇ ਸਤਿਗੁਰੂ ਦੀ ਵਡਿਆਈ ਕੀਤੀ ਹੈ। ਮੱਧਕਾਲ ਦੀਆਂ ਸਾਰੀਆਂ ਬ੍ਰਿਤਾਂਤਕ ਕਾਵਿ-ਵੰਨਗੀਆਂ ਵਿਚ ਮੰਗਲਚਰਣ ਕੀਤਾ ਜਾਂਦਾ ਸੀ। 'ਮਾਝ ਦੀ ਵਾਰ' ਵਿਚ ਇਸ ਮੰਗਲਚਰਣ ਦਾ ਸਰੂਪ ਇਸ ਪ੍ਰਕਾਰ ਹੈ।

"ਗੁਰੂ ਦਾਤਾ ਗੁਰੂ ਹਿਵੈ ਘਰੁ ਗੁਰੂ ਦੀਪਕੁ ਤਿਹੁ ਲੋਇ॥

ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥"[10]

ਮੰਗਲਾਚਰਣ ਨਾਲ ਸੰਬੰਧਿਤ ਇਸ ਸਲੋਕ ਤੋਂ ਉਪਰੰਤ 'ਮਾਝ ਦੀ ਵਾਰ' ਦੀਆਂ ਵੱਖ-ਵੱਖ ਪਉੜੀਆਂ ਦੁਆਰਾ ਇਸ ਵਾਰ ਦਾ ਅਂਰਭ ਸ਼ੁਰੂ ਹੋ ਜਾਂਦਾ ਹੈ। ਪਹਿਲੀ ਪਉੜੀ ਵਿਚ ਪਰਮਾਤਮਾ ਦੀ ਅਰਾਧਨਾ ਹੋਈ ਹੈ। ਜਿਸ ਨੇ ਇਸ ਸਮੁੱਚੇ ਜਗਤ ਦੀ ਸਿਰਜਣਾ ਕੀਤੀ ਹੈ। ਦੂਜੀ ਪਉੜੀ ਤੋਂ ਇਸ ਵਾਰ ਵਿਚਲਾ ਸੰਘਰਸ਼ ਸ਼ੁਰੂ ਹੋ ਜਾਂਦਾ ਹੈ। ਇਹ ਸੰਘਰਸ਼ ਵਿਕਾਰ-ਗ੍ਰਸਤ ਵਿਅਕਤੀ (ਮਨਮੁਖ) ਅਤੇ ਗੁਰਮੁਖ ਦੇ ਦਰਮਿਆਨ ਹੈ। ਇਸ ਵਾਰ ਦੀਆਂ ਵੱਖ-ਵੱਖ ਪਉੜੀਆਂ ਵਿਚ ਇਸ ਸੰਘਰਸ਼ ਦੇ ਸੰਦਰਭ ਅਤੇ ਵਸਤੂ-ਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ ਇਸ ਸੰਘਰਸ਼ ਦੀ ਪ੍ਰਕਿਰਤੀ ਨੂੰ ਸਮਝਣ ਲਈ ਇਸ ਵਾਰ ਵਿਚਲੇ ਕੁਝ ਅੰਸ਼ ਦੇਖਣੇ ਪੈਣਗੇ:

"ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ॥

ਸਤਿਗੁਰਿ ਤੁਠੈ ਪਾਇਅਨਿ ਅੰਦਰਿ ਰਤਨ ਭੰਡਾਰਾ॥

ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ॥

ਮਨਮੁਖ ਦੂਜੇ ਪਚਿ ਮੁਏ ਨਾ ਬੂਝਹਿ ਵੀਚਾਰਾ॥"[11]

ਇਸ ਵਾਰ ਦੀਆਂ ਵੱਖ-ਵੱਖ ਪਉੜੀਆਂ ਵਿਚ ਪਰਮਾਤਮਾ, ਸਿਸ਼੍ਰਟੀ-ਰਚਨਾ, ਮਨਮੁਖ, ਗੁਰਮੁਖ, ਕਰਮ-ਕਾਂਡ, ਧਨ-ਦੌਲਤ ਦੀ ਨਾਸ਼ਮਾਨਤਾ, ਜ਼ਾਤ-ਪਾਤ ਦਾ ਖੰਡਨ, ਸਿਮਰਨ, ਸੇਵਾ, ਸਤਿਗੁਰੂ ਅਤੇ ਉਸਦੀ ਸੱਚੀ ਸਿਖਿਆ ਆਦਿਕ ਵਿਸ਼ਿਆਂ ਦਾ ਵਰਣਨ ਹੋਇਆ ਹੈ।"[12]

"ਹਉ ਢਾਢੀ ਵੇਕਾਰੁ ਕਾਰੈ ਲਾਇਆ॥

ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥

ਸਚੀ ਸਿਫਤਿ ਸਾਲਾਹ ਕਪੜਾ ਪਾਇਆ॥

ਸਚਾ ਅੰਮ੍ਰਿਤ ਨਾਮੁ ਭੋਜਨ ਆਇਆ॥ "[13]

ਇਸ ਤਰ੍ਹਾਂ ਇਸ ਵਾਰ ਦਾ ਸੰਗਠਨ ਇਕ ਕਲਾਤਮਕ ਇਕਾਈ ਵਿਚ ਬੱਝਾ ਹੋਇਆ ਹੈ। ਪ੍ਰਭੂ ਦੀ ਸਿਰਜਣਾ ਦੀ ਅਨੇਕਤਾ ਅਤੇ ਵੰਨ-ਸੁਵੰਨਤਾ ਤੋਂ ਸ਼ੁਰੂ ਕਰਕੇ ਅੰਤ ਵਿਚ ਇਹ ਵਾਰ ਪ੍ਰਭੂ ਦੇ ਸੱਚੇ ਨਿਆਇ ਅਤੇ ਉਸਦੀ ਸਿਫ਼ਤ-ਸਲਾਹ ਨਾਲ ਸਮਾਪਤ ਹੋ ਜਾਂਦੀ ਹੈ।

## 4.5 ਸਲੋਕ

ਪਉੜੀਆਂ ਦੇ ਵਿਚਕਾਰ ਰਹਿ ਜਾਣ ਵਾਲੇ ਕਾਰਜ ਅਤੇ ਵਿਚਾਰਧਾਰਾ ਦੇ ਵਾਸਤੇ ਸਲੋਕਾਂ ਦਾ ਬੜਾ ਕਲਾਤਮਕ ਪ੍ਰੋਯਗ ਹੋਇਆ ਹੈ। ਆਪਣੇ ਰੂੜ੍ਹੀਗਤ ਅਰਥਾਂ ਵਿਚ 'ਸਲੋਕ' ਉਸਤਤ ਜਾਂ ਪ੍ਰਸ਼ੰਸਾ ਦੇ ਗੀਤਾਂ ਨੂੰ ਕਿਹਾ ਜਾਂਦਾ ਹੈ ਪਰੰਤੂ ਗੁਰੂ ਨਾਨਕ ਦੇਵ ਜੀ ਨੇ ਸਲੋਕ ਨੂੰ ਸਮਾਜਕ, ਸਭਿਆਚਾਰ ਵਿਸ਼ਲੇਸ਼ਣ ਦੇ ਇਕ ਕਾਰੀਗਰ ਹਥਿਆਰ ਵਜੋਂ ਵੀ ਬਾਖ਼ੂਬੀ ਵਰਤਿਆ ਹੈ।

"ਕੂੜੁ ਬੋਲਿ ਮੁਰਦਾਰੁ ਖਾਇ॥

ਅਵਰੀ ਨੋ ਸਮਝਾਵਣਿ ਜਾਇ॥

ਮੁਠਾ ਆਪਿ ਮੁਹਾਏ ਸਾਥੈ॥

ਨਾਨਕ ਐਸਾ ਆਗੂ ਜਾਪੈ॥ "[14]

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸਲੋਕ ਦੇ ਬਹੁਤ ਸਾਰੇ ਛੰਦ-ਭੇਦ ਅਤੇ ਵੰਨਗੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਬਹੁਤੇ ਬਾਣੀਕਾਰਾਂ ਨੇ ਦੋ ਪੰਕਤੀਆਂ ਦੇ ਦੋਹਰਾ ਰੂਪ ਵਾਲੇ 'ਸਲੋਕ' ਦਾ ਪ੍ਰਯੋਗ ਕੀਤਾ ਹੈ। ਸੇਖ਼ ਫ਼ਰੀਦ, ਸੰਤ ਕਬੀਰ ਅਤੇ ਗੁਰੂ ਤੇਗ ਬਹਾਦਰ ਜੀ ਨੇ 'ਦੋਹਰਾ' ਛੰਦ ਦੁਆਰਾ ਸਲੋਕਾਂ ਦੀ ਰਚਨਾ ਕੀਤੀ ਹੈ ਪਰੰਤੂ ਹੋਰ ਗੁਰੂ ਸਾਹਿਬਾਨ ਨੇ ਸਲੋਕ ਦੀਆਂ ਬਹੁਤ ਸਾਰੀਆਂ ਵੰਨਗੀਆਂ ਦੀ ਰਚਨਾ ਕੀਤੀ ਹੈ।'ਮਾਝ ਦੀ ਵਾਰ' ਵਿਚ 2

ਤੋਂ ਲੈ ਕੇ 24 ਪੰਕਤੀਆਂ ਵਾਲੇ ਸਲੋਕ ਦੇਖੇ ਜਾ ਸਕਦੇ ਹਨ।"[15]ਗੁਰੂ ਸਾਹਿਬ ਨੇ ਕਈ ਵਾਰ ਤਿੰਨ ਤੁਕੇ ਸਲੋਕਾਂ ਦੀ ਰਚਨਾ ਵੀ ਕੀਤੀ ਹੈ।

"ਭਾਰ ਅਠਾਹਰ ਮੇਵਾ ਹੋਵੈ ਗਰੁੜਾ ਹੋਇ ਸੁਆਉ॥

ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ॥

ਭੀ ਤੂੰਹੇ ਸਾਲਾਹਣਾ ਆਖਣ ਲਹੈ ਨ ਚਾਉ॥ "[16]

ਇੱਕੀਵੀਂ ਪਉੜੀ ਦੇ ਸ਼ੁਰੂ ਵਿਚ ਅੰਕਿਤ ਇਕ ਸਲੋਕ ਵਿਚ ਸਿਰਖੰਡੀ ਛੰਦ ਦੁਆਰਾ ਮਧ ਵਿਚ ਤੁਕਾਂਤ ਮੇਲਿਆ ਗਿਆ ਹੈ।

"ਤੁਮੀ ਤੁਮਾ ਵਿਸ ਅਕੁ ਧਤੂਰਾ ਨਿਮੁ ਫਲੁ॥

ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹਿ॥

ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ॥ "[17]

ਛੱਬੀਵੀਂ ਪਉੜੀ ਨਾਲ ਸੰਕਲਿਤ ਸਲੋਕ 'ਸਿਰ ਖੋਹਾਇ ਪੀਅਹੁ ਮਲਵਾਣੀ' ਇਸ ਵਾਰ ਦਾ ਸਭ ਤੋਂ ਲੰਬਾ ਸਲੋਕ ਹੈ। ਇਸ ਦੀਆਂ 24 ਪੰਕਤੀਆਂ ਹਨ। ਮਾਤ੍ਰਾਵਾਂ ਦੀ ਦ੍ਰਿਸ਼ਟੀ ਤੋਂ ਵੀ ਇਹ ਸਲੋਕ 'ਦੋਹਰੇ' ਤੋਂ ਕਾਫੀ ਵਧ ਗਿਆ ਹੈ।

"ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥ "[18]

(14+12=26 ਮਾਤ੍ਰਾਵਾਂ)

"ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥ "[19]

(19+13=32)

'ਮਾਝ ਦੀ ਵਾਰ' ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਮ ਹੇਠ ਅੰਕਿਤ ਇਕ ਸਲੋਕ ਜਪੁਜੀ ਦੇ ਅੰਤ ਵਿਚ ਆਇਆ ਹੈ। ਜਪੁਜੀ ਦੇ ਅੰਤ ਵਿਚ ਇਸ ਸਲੋਕ ਦੇ ਕਰਤਾ ਦਾ ਨਾਮ ਨਹੀਂ ਦੱਸਿਆ ਗਿਆ। ਇਸ

ਵਾਰ ਵਿਚ ਸੰਕਲਿਤ ਇਹ ਸਲੋਕ ਜਪੁਜੀ ਵਾਲੇ ਸਲੋਕ ਨਾਲੋਂ ਥੋੜ੍ਹੀ ਜਿਹੀ ਭਿੰਨਤਾ ਰੱਖਦਾ ਹੈ। ਇਥੇ ਇਹ ਸਲੋਕ ਅਠਾਰ੍ਹਵੀ ਪਉੜੀ ਦੇ ਵਿਚ ਆਇਆ ਹੈ।

"ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਪਵਣ)

ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ (ਦਿਵਸੁ)

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ (ਵਾਚੈ)

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥ "[20]

## 4.6 ਰਸ ਵਿਧਾਨ

'ਮਾਝ ਦੀ ਵਾਰ' ਵਿਚ ਕੇਂਦਰੀ ਰਸ ਦੀ ਭੂਮਿਕਾ ਸ਼ਾਂਤ ਰਸ ਨੂੰ ਪ੍ਰਾਪਤ ਹੋਈ ਹੈ।ਗੁਰੂ ਨਾਨਕ ਅਧਿਆਤਮਵਾਦੀ ਅਨੁਭਵ ਨੂੰ ਸ਼ਾਤ ਰਸ ਦੇ ਮਾਧਿਅਮ ਦੁਆਰਾ ਹੀ ਰੂਪਮਾਨ ਕਰਦੇ ਹਨ। ਕਿਉਂਕਿ 'ਸਹਿਜ' ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਦਾ ਇਕ ਕੇਂਦਰੀ ਤੱਤ ਹੈ। ਸ਼ਾਂਤ ਰਸ ਦਾ ਸੰਚਾਰ ਕਰਨ ਸਮੇਂ ਗੁਰੂ ਨਾਨਕ ਜੀ ਪਰਮਾਤਮਾ ਅਤੇ ਉਸਦੀ ਸ੍ਰਿਸ਼ਟੀ ਨੂੰ ਵਿਸ਼ੇ ਵਿਭਾਵ ਅਤੇ ਗੁਰਮੁਖ ਨੂੰ ਆਸਰਾ ਵਿਭਾਵ ਬਣਾ ਕੇ ਪੇਸ਼ ਕਰਦੇ ਹਨ। ਜਿਵੇਂ

### 4.6.1 ਸ਼ਾਤ ਰਸ:-

"ਤੂੰ ਕਰਤਾਪੁਰਖੁ ਅੰਗਮੁ ਹੈ ਆਪਿ ਸ੍ਰਿਸਟਿ ਉਪਾਤੀ॥

ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥

ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥

ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ॥

ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ॥

ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ॥"[21]

ਹੇ ਪਰਮਾਤਮਾ! ਤੂੰ ਸਿਰਜਣਹਾਰ ਹੈ। ਇਸ ਸਾਰੀ ਸ੍ਰਿਸ਼ਟੀ ਤੇਰੀ ਹੀ ਬਣਾਈ ਹੋਈ ਹੈ। ਤੁਸੀ ਹੀ ਇਸ ਸ੍ਰਿਸ਼ਟੀ ਨੂੰ ਰੰਗ-ਬਰੰਗੀ ਬਣਾਇਆਂ ਹੈ। ਇਸ ਜਗਤ ਤੇਰਾ ਹੀ ਰਚਿਆ ਹੋਇਆ ਹੈ। ਇਹ ਸਾਰਾ ਭੇਦ ਤੂੰ ਆਪ ਹੀ ਜਾਣਦਾ ਹੈ। ਇਸ ਧਰਤੀ ਤੇ ਮਨੁੱਖ ਆਉਂਦੇ ਹਨ ਅਨੇਕਾਂ ਜਾਂਦੇ ਹਨ ਪਰ ਤੇਰੇ ਨਾਮ ਤੋਂ ਸਿੱਖਣ ਹਨ। ਰੱਬ ਤੋਂ ਦੂਰ ਰਹਿਣ ਕਰਕੇ ਮਰਨ ਜੰਮਣ ਦੇ ਗੇੜ ਵਿਚ ਰਹਿੰਦੇ ਹਨ।

ਪਰੰਤੂ ਸ਼ਾਂਤ ਰਸ ਦੇ ਨਾਲ-ਨਾਲ ਗੁਰੂ ਜੀ ਨੇ ਕੁਝ ਹੋਰ ਰਸ ਵੀ ਆਪਣੀ ਇਸ ਰਚਨਾ ਦੇ ਮਾਧਿਅਮ ਦੁਆਰਾ ਪੇਸ਼ ਕੀਤੇ ਹਨ।

**4.6.2 ਵੀਰ ਰਸ:-**

"ਜਾਤੀ ਦੈ ਕਿਆ ਹਥਿ ਸਚੁ ਪਰਖੀਐ॥

ਮਹੁਰਾ ਹੋਵੈ ਹਥਿ ਮਰੀਐ ਚਖੀਐ॥

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥

ਹੁਕਮ ਮੰਨੇ ਸਿਰਦਾਰੁ ਦਰਿ ਦੀ ਬਾਣੀਐ॥"[22]

ਗੁਰੂ ਸਾਹਿਬ ਵਾਰ-ਵਾਰ ਇਹ ਕਹਿੰਦੇ ਹਨ ਕਿ ਸਦਾ ਅਮਰ ਰਹਿਣ ਵਾਲਾ ਸੱਚਾ ਸੁੱਚਾ ਪਰਮਾਤਮਾ (ਰੱਬ) ਹੀ ਹੈ। ਜੇਕਰ ਉਸ ਨੂੰ ਮਿਲਣਾ ਹੈ ਤਾਂ ਇਕੋ ਇਕ ਰਸਤਾ ਉਸਦਾ ਨਾਮ ਸਿਮਰਨ ਹੈ। ਨਾਮ ਜਨਮ ਦੀ ਊਚ ਨੀਚ ਦੇ ਵਿਰੁੱਧ ਹੈ।

**4.6.3 ਰੌਦਰ ਰਸ:-**

"ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥

ਹਟ ਪਟਣ ਬਾਜਾਰ ਹੁਕਮੀ ਢਹਸੀਓ॥

ਪੱਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥

ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥ "[23]

ਇਨ੍ਹਾਂ ਸਤਰਾਂ ਵਿਚ ਇਹ ਕਿਹਾ ਹੈ ਕਿ ਇੱਥੇ ਰਾਜੇ, ਅਤੇ ਸਰਕਾਰ ਕੋਈ ਵੀ ਨਹੀਂ ਰਹਿਣਾ। ਪਰਮਾਤਮਾ ਦੇ ਹੁਕਮ ਅਨੁਸਾਰ ਹੀ ਇਹ ਸ਼ਹਿਰ, ਬਾਜ਼ਾਰ ਢਹਿ ਜਾਣਗੇ। ਪੱਕੇ ਸੁੰਦਰ ਘਰਾਂ ਨੂੰ ਜੋ ਮਨੁੱਖ ਆਪਣਾ ਸਮਝਦਾ ਹੈ। ਇਹ ਇਕ ਪਲ ਵਿਚ ਹੀ ਸੱਖਣੇ ਹੋ ਜਾਣਗੇ। ਇਨ੍ਹਾਂ ਸਭ ਚੀਜ਼ਾਂ ਨੂੰ ਬਣਾਉਣ ਵਾਲਾ ਤੇ ਸਦਾ ਰਹਿਣਾ ਵਾਲਾ ਰੱਬ ਹੀ ਹੈ। ਰੱਬ ਦੀ ਪਛਾਣ ਹੀ ਉਸਦੀ ਰਚੀ ਸ੍ਰਿਸ਼ਟੀ ਵਿਚੋਂ ਹੈ।

4.6.4 **ਅਦੁਭਤ ਰਸ:-**

"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ "[24]

ਇਸ ਸਲੋਕ ਵਿਚ ਰੱਬ ਦੀ ਸਰਬ ਸ਼ਕਤੀ ਨੂੰ ਦਰਸਾਇਆ ਹੈ। ਜੇਕਰ ਉਹ ਪਰਮਾਤਮਾ ਚਾਹੇ ਤਾਂ ਸ਼ੇਰਾਂ, ਬਾਜਾਂ, ਕੁੱਤੀਆਂ ਆਦਿ ਮਾਸਹਾਰੀਆਂ ਨੂੰ ਘਾਹ ਖੁਆ ਸਕਦਾ ਹੈ ਜੋ ਜੀਵ ਘਾਹ ਖਾਣ ਵਾਲੇ ਹਨ ਉਨ੍ਹਾਂ ਨੂੰ ਮਾਸ ਖੁਆ ਸਕਦਾ ਹੈ। ਜਿਨ੍ਹੇ ਵੀ ਜੀਵ ਹਨ, ਉਹ ਸਭ ਸਾਹ ਲੈ ਕੇ ਜਿਊਂਦੇ ਹਨ। ਪਰ ਜੇ ਰੱਬ ਚਾਹੇ ਤਾਂ ਉਨ੍ਹਾਂ ਨੂੰ ਸਾਹ ਬਗੈਰ ਵੀ ਜੀਉਂਦੇ ਹਨ। ਹੇ ਨਾਨਕ! ਜਿਵੇਂ ਜਿਵੇਂ ਉਸ ਸੱਚੇ ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਦੀ ਗਰਾਹੀ ਦੇ ਕੇ ਪਾਲਦਾ ਹੈ।

4.6.5 **ਵੀਭਤਸ ਰਸ:-**

"ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਈ॥

ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥

ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥

ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥ "[25]

ਇਸ ਸਲੋਕ ਵਿਚ ਜੈਨੀਆਂ ਬਾਬਤ ਹੈ। ਜੈਨੀਆਂ ਦੇ ਜੋ ਗੁਰੂ ਹੁੰਦੇ ਹਨ ਉਹ ਅਹਿੰਸਾ ਦੇ ਪੁਜਾਰੀ ਹੁੰਦੇ ਹਨ ਉਹ ਇਸ ਗੱਲ ਨੂੰ ਜ਼ਿਆਦਾ ਤਰਜ਼ੀਹ ਦਿੰਦੇ ਹਨ ਕਿ ਓਨ੍ਹਾਂ ਕੋਲੋਂ ਕੋਈ ਜੀਵ ਹੱਤਿਆ ਨਾ ਹੋ ਜਾਵੇ। ਉਨ ਇਸ਼ਨਾਨ ਵੀ ਨਹੀਂ ਕਰਦੇ ਅਤੇ ਇਸ ਕਰਕੇ ਬਹੁਤ ਗੰਦੇ ਰਹਿੰਦੇ ਹਨ। ਉਨ੍ਹਾਂ ਆਪਣੇ ਇਸ ਵਿਸ਼ਵਾਸ਼ ਨੂੰ ਵਹਿਮ ਹੀ ਬਣਾਇਆ ਹੋਇਆ ਹੈ। ਸਮਾਜਕ ਮਨੁੱਖੀ ਮਸਲੇ ਉਨ੍ਹਾਂ ਦੇ ਚਿੱਤ ਚੇਤੇ ਵੀ ਨਹੀਂ ਹੁੰਦੇ।

## 4.7 ਅਲੰਕਾਰ ਵਿਧਾਨ

ਭਾਰਤੀ ਕਾਵਿ ਸ਼ਾਸਤਰ ਵਿਚ 'ਅਲੰਕਾਰ' ਨੂੰ ਕਾਵਿ ਦੀ ਆਤਮਾ ਮੰਨਿਆ ਜਾਂਦਾ ਹੈ। ਅਰਥਾਤ ਅਲੰਕਾਰ ਤੋਂ ਬਿਨਾਂ ਉੱਤਮ ਕਾਵਿ ਦੀ ਸਿਰਜਣਾ ਨਹੀਂ ਹੋ ਸਕਦੀ ਹੈ। ਅਲੰਕਾਰ, ਕਾਵਿ-ਕਥਨ ਨੂੰ ਵਿੱਲਖਣ, ਵੱਚਿਤਰ ਅਤੇ ਸੁਹਜਮਈ ਬਣਾ ਦਿੰਦਾ ਹੈ। ਭਾਮਹ ਵਰਗੇ ਆਚਾਰੀਆ ਨੇ ਅਲੰਕਾਰਾਂ ਦੀਆਂ ਕਈ ਸ਼੍ਰੇਣੀਆਂ ਨਿਸ਼ਚਿਤ ਕੀਤੀਆ ਹਨ ਪਰੰਤੂ ਮੁਖ ਤੌਰ 'ਤੇ ਇਨ੍ਹਾਂ ਅਲੰਕਾਰਾਂ ਦੇ ਤਿੰਨ ਵਰਗ ਹਨ-ਸ਼ਬਦ ਅਲੰਕਾਰ, ਅਰਥ ਅਤੇ ਸ਼ਬਦ-ਅਰਥ ਅਲੰਕਾਰ। ਅੱਗੋਂ ਇਨ੍ਹਾਂ ਵਰਗਾਂ ਦੇ ਹੋਰ ਬਹੁਤ ਸਾਰੇ ਭੇਦ-ਉਪਭੇਦ ਨਿਸ਼ਚਿਤ ਕੀਤੇ ਗਏ ਹਨ।

ਗੁਰੂ ਨਾਨਕ ਦੇਵ ਜੀ ਅਲੰਕਾਰਾਂ ਦਾ ਪ੍ਰਯੋਗ ਰਸਮੀ ਤੌਂਰ 'ਤੇ ਨਹੀਂ ਕਰਦੇ ਕਿਉਂਕਿ ਆਪ ਕਾਵਿ ਕਥਨ ਨੂੰ ਵੱਧ ਸਰਲ, ਸੱਪਸ਼ਟ ਅਤੇ ਸੂਤਰਬੱਧ ਰੱਖਣ ਦੇ ਹੱਕ ਵਿਚ ਹਨ। ਪਰ ਤਾਂ ਵੀ ਕਈ ਵਾਰ ਸਹਿਜ-ਸੁਭਾਵਿਕ ਰੂਪ ਵਿਚ ਹੀ ਆਪ ਬਹੁਤ ਸਾਰੇ ਮੌਲਿਕ ਅਤੇ ਪ੍ਰਭਾਵਸ਼ਾਲੀ ਅਲੰਕਾਰ ਸਿਰਜ ਜਾਂਦੇ ਹਨ। 'ਮਾਝ ਦੀ ਵਾਰ' ਵਿਚ ਆਪ ਦੁਆਰਾ ਵਰਤੇ ਗਏ ਕੁਝ ਪ੍ਰੱਮੁਖ ਅਲੰਕਾਰਾ ਦੀ ਪ੍ਰਕ੍ਰਿਤੀ ਇਸ ਪ੍ਰਕਾਰ ਹੈ।

### 4.7.1 ਰੂਪਕ ਅਲੰਕਾਰ:-

"ਗੁਰੂ ਦਾਤਾ ਗੁਰੂ ਹਿਵੈ ਘਰੁ ਗੁਰੂ ਦੀਪਕੁ ਤਿਹ ਲੋਇ

ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖ ਹੋਇ॥ "[26]

"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ "[27]

ਇਨ੍ਹਾਂ ਸਤਰਾਂ ਵਿਚ ਮੁਸਲਮਾਨ ਨੂੰ ਅਸਲੀ ਮੁਸਲਮਾਨ ਬਣਾਉਣ ਦਾ ਮਸਲਾ ਬਣਾਉਣ ਦਾ ਮਸਲਾ ਪੇਸ਼ ਕੀਤਾ ਗਿਆ ਹੈ।ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਤੂੰ ਜ਼ੁਲਮਾਂ ਨੂੰ ਛੱਡ ਕੇ ਲੋਕਾਂ ਉੱਤੇ ਰਹਿਮ ਕਰ ਰੱਬ ਉੱਤੇ ਭਰੋਸਾ ਰੱਖ ਅਤੇ ਇਸ ਭਰੋਸੇ ਨੂੰ ਮੁੱਸਲਾ ਸਮਝ। ਤੂੰ ਆਪਣਾ ਹੱਕ ਹੀ ਖਾਹ ਇਹ ਹੱਕ ਤੇ ਹਲਾਂਲ ਹੀ ਤੇਰਾ ਕੁਰਾਨ ਹੋਵੇ।

4.7.2**ਉਪਮਾ ਅਲੰਕਾਰ:-**

"ਕੀਤਾ ਕਰਣਾ ਕਹਿਆ ਭਰਿਆ ਭਰਿ ਭਰਿ ਦੋਵਾਂ॥

ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥ "[28]

**4.7.3 ਦ੍ਰਿਸ਼ਟਾਂਤ ਅਲੰਕਾਰ:-**

"ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ॥

ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ॥

ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ॥

ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ॥

ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ॥ "[29]

ਗੁਰੂ ਸਾਹਿਬ ਕਹਿੰਦੇ ਹਨ, ਜਿਵੇਂ ਅਸੀ ਕਮਾਦ ਵੱਢੀਦਾ ਹੈ ਉਸਨੂੰ ਛਿੱਲ ਸੰਵਾਰ ਕੇ ਪੂਲੀਆਂ ਬੰਨ੍ਹ ਲਈਦੀਆਂ ਹਨ'ਤੇ ਵੇਲਣੇ ਵਿਚੋਂ ਦੀ ਪੀੜਦੇ ਹਨ। ਇਸ ਤਰ੍ਹਾਂ ਕੱਢੀ ਰੂਹ ਨੂੰ ਕੜਾਹੇ ਵਿਚ ਪਾ ਕੇ ਹੇਠੋਂ ਅੱਗ ਦਿੰਦੇ ਹਨ। ਜਿਵੇਂ ਜਿਉਂ ਸੇਕ ਪੈਂਦਾ ਹੈ, ਰੂਹ ਵਿਲਕਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮਨੁੱਖ ਵੇਖ,ਕਮਾਦ ਦੇ ਮਿੱਠੇ ਹੋਣ ਕਰਕੇ ਇਸਦਾ ਕੀ ਹਾਲ ਹੋਇਆ ਹੈ।

**4.7.4 ਪੁਨਰਰੋਕਤੀਅਲੰਕਾਰ:-**

"ਸਤਿਗੁਰੂ ਹੋਇ ਦਇਆਲੁ ਤ ਸਰਧਾ ਪੂਰੀਐ

ਸਤਿਗੁਰੂ ਹੋਇ ਦਇਆਲੁ ਨ ਕਬਹੂੰ ਝੂਰੀਐ॥

ਸਤਿਗੁਰੂ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥

ਸਤਿਗੁਰੂ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥ ”[30]

ਜੇ ਸਤਿਗੁਰੂ ਦਿਆਲ ਹੋ ਜਾਵੇ ਤਾਂ ਬੰਦੇ ਦੇ ਅੰਦਰ ਰੱਬ ਤੇ ਭਰੋਸਾ ਬਣ ਜਾਂਦਾ ਹੈ ਤੇ ਨਾ ਹੀ ਮਨੁੱਖ ਕਦੀ ਝੂਰ ਦਾ ਹੈ, ਉਸਦੇ ਦਿਆਲ ਹੋਣ ਉੱਤੇ ਰੱਬ ਦੇ ਮਿਲਾਪ ਮਾਣੀਦਾ ਹੈ ਅਤੇ ਮੌਤ ਦੇ ਡਰ ਦਾ ਸਵਾਲ ਵੀ ਪੈਂਦਾ ਨਹੀਂ ਹੁੰਦਾ। ਸਰੀਰ ਨੂੰ ਸਦਾ ਹੀ ਸੁੱਖ ਰਹਿੰਦਾ ਹੈ।

### 4.7.5 ਅਨੁਪ੍ਰਾਸ ਅਲੰਕਾਰ:-

“ਢੰਢੋਲਿਮੁ ਢੂਢਿਮ ਡਿਠ ਮੈ ਨਾਨਕ ਜਗੁ ਧੂਏ ਕਾ ਧਵਲਰਹ॥ ”[31]

“ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥

ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ॥

ਨਾਨਕ ਕਹੀਐ ਕਿਸੁ ਹੰਢ ਨਿ ਕਰਮਾ ਬਾਹਰੇ॥ ”[32]

## 4.8 ਸ਼ੈਲੀ ਅਤੇ ਬੋਲੀ

‘ਮਾਝ ਦੀ ਵਾਰ’ ਇਕ ਲੋਕ-ਕਾਵਿ ਰੂਪ ਦੀ ਧੁਨੀ ਉੱਪਰ ਲਿਖੇ ਅਤੇ ਗਾਏ ਜਾਣ ਦੀ ਸੂਰਤ ਵਿਚ ਬੜੀ ਸਰਲ, ਠੇਠ ਅਤੇ ਮੁਹਾਵਰੇ ਭਰਪੂਰ ਭਾਸ਼ਾ ਵਿਚ ਲਿਖੀ ਗਈ ਇਕ ਮਹਾਨ ਰਚਨਾ ਹੈ। ਇਹ ਵਾਰ ਲਿਖਣ ਤੋਂ ਗੁਰੂ ਜੀ ਦਾ ਮੰਤਵ ਆਪਣੇ ਸਮੇਂ ਦੇ ਆਮ ਲੋਕਾਂ ਨੂੰ ਗੁਰਮਤਿ ਵਿਚਾਰਧਾਰਾ ਅਤੇ ਦਰਸ਼ਨ ਨਾਲ ਜੋੜਨਾ ਸੀ। ਇਹੀ ਕਾਰਨ ਹੈ ਕਿ ਇਸ ਵਾਰ ਦੇ ਰਚਨਾ-ਪ੍ਰਬੰਧ ਨੂੰ ਗੁਰੂ ਜੀ ਨੇ ਪ੍ਰੇਰਣਾ ਭਰਪੂਰ ਅਤੇ ਸੰਬੋਧਨੀ ਸ਼ੈਲੀ ਦੇ ਪ੍ਰਯੋਗ ਦੁਆਰਾ ਬਣਾਇਆ ਸੰਵਾਰਿਆ ਹੈ। ਇਸ ਵਾਰ ਦੀ ਸ਼ੈਲੀ ਦਾ ਸਭ ਤੋਂ ਉਜਾਗਰ ਪੱਖ ਇਸਦਾ ਸੰਬੋਧਨੀ ਹੋਣਾ ਹੈ। ਗੁਰੂ ਸਾਹਿਬ ਆਪਣੀ ਇਸ ਰਚਨਾ ਦੀ ਪਉੜੀ ਵਿਚ ਕਿਸੇ ਨਾ ਕਿਸੇ ਧਿਰ ਨੂੰ ਸੰਬੋਧਨ ਕਰਕੇ ਉਸ ਨਾਲ ਆਪਣਾ ਸਿੱਧਾ ਸੰਪਰਕ ਬਣਾਉਂਦੇ ਹਨ:

"ਤੁਧੁ ਆਪੇ ਜਗਤ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ॥

ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ॥ "[33]

"ਸਤਿਗੁਰੂ ਸੇਵਿ ਨਿਸੰਗੁ ਭਰਮੁ ਚੁਕਾਈਐ॥

ਸਤਿਗੁਰੂ ਆਖੈ ਕਾਰ ਸੁ ਕਾਰ ਕਮਾਈਐ॥

ਸਤਿਗੁਰੂ ਹੋਇ ਦਇਆਲੁ ਤ ਨਾਮ ਧਿਆਈਐ॥

ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ॥ "[34]

ਸਮਾਜਕ, ਸਭਿਆਚਾਰ ਆਲਚੋਨਾ ਨਾਲ ਜੁੜੇ ਸੰਦਰਭਾਂ ਵਿਚ ਗੁਰੂ ਸਾਹਿਬ ਵਿਅੰਗਾਤਮਕ ਸ਼ੈਲੀ ਦਾ ਬੜਾ ਸੱਮਰਥ ਪ੍ਰਯੋਗ ਕਰਦੇ ਹਨ। ਵਿਅੰਗ ਦੇ ਮਾਧਿਅਮ ਨਾਲ ਆਪ ਭੁੱਲੇ-ਭਟਕੇ ਲੋਕਾਂ ਨੂੰ ਜੀਵਨ ਦੇ ਸਿੱਧੇ ਅਤੇ ਸਹੀ ਮਾਰਗ ਦੀ ਸੋਝੀ ਕਰਵਾਉਂਦੇ ਹਨ। ਜਿਵੇਂ

"ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ॥

ਅੰਤਰਿ ਮੈਲੁ ਲਗੀ ਨਹੀਂ ਜਾਣੈ ਬਾਹਰਹੁ ਮਲਿ ਮਲਿ ਧੋਵੇ॥

ਅੰਧਾ ਭੂਲਿ ਪਇਆ ਜਮ ਜਾਲੇ॥

ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ॥ "[35]

ਕਈ ਸ਼ਲੋਕਾਂ ਵਿਚ ਗੁਰੂ ਜੀ ਫ਼ਾਰਸੀ ਸ਼ਬਦਾਵਲੀ ਦਾ ਵੀ ਕਲਾਤਮਕ ਪ੍ਰਯੋਗ ਕਰਦੇ ਹਨ। ਉਸ ਸਮੇਂ ਦੀ ਰਾਜ-ਭਾਸ਼ਾ ਹੋਣ ਕਾਰਨ ਫ਼ਾਰਸੀ ਭਾਸ਼ਾ ਲੋਕਾਂ ਵਿਚ ਕਾਫ਼ੀ ਹਰਮਨ ਪਿਆਰੀ ਹੋ ਚੁੱਕੀ ਸੀ। ਸ਼ਲੋਕ ਵਿਚ ਫ਼ਾਰਸੀ ਦਾ ਭਰਪੂਰ ਪ੍ਰਯੋਗ ਹੋਇਆ ਹੈ।

"ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ॥

ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ॥ "[36]

ਤੇਰ੍ਹਵੀਂ ਪਉੜੀ ਦੇ ਆਰੰਭ ਵਿਚ ਗੁਰੂ ਸਾਹਿਬ ਦੇ ਸੱਤ ਸਲੋਕ ਇੱਕਠੇ ਆਏ ਹਨ। ਇਨ੍ਹਾਂ ਵਿਚ ਫ਼ਾਰਸੀ ਸ਼ਬਦਾਵਲੀ ਵੀ ਵਰਤੀ ਗਈ ਹੈ। ਹਰ ਸ਼ਲੋਕ ਦੇ ਅੰਤ ਵਿਚ 'ਏਮ ਤੁਈ ਤੇਕ ਤੁਈ' ਆਉਂਦਾ ਹੈ। ਜੋ ਇਨ੍ਹਾਂ ਸਲੋਕਾਂ ਨੂੰ ਪ੍ਰਗੀਤਕ ਅਤੇ ਸੰਗੀਤਾਮਕ ਲੱਛਣ ਪ੍ਰਦਾਨ ਕਰਦਾ ਹੈ। ਫ਼ਾਰਸੀ ਸ਼ਬਦਾਵਲੀ ਦੇ ਨਾਲ-ਨਾਲ ਸੰਸਕ੍ਰਿਤ ਸ਼ਬਦਾਵਲੀ ਦਾ ਵੀ ਕਾਫ਼ੀ ਪ੍ਰਯੋਗ ਹੋਇਆ ਹੈ। ਹਿੰਦੂ ਧਰਮ ਦੇ ਰੀਤੀ-ਰਿਵਾਜਾਂ ਅਤੇ ਕਰਮ-ਕਾਂਡਾਂ ਦੀ ਆਲੋਚਨਾ ਕਰਨ ਸਮੇਂ ਆਪ ਸੰਸਕ੍ਰਿਤ ਸ਼ਬਦਾਵਲੀ ਨਾਲ ਭਰਪੂਰ ਕਾਵਿ ਸ਼ੈਲੀ ਦਾ ਪ੍ਰਯੋਗ ਕਰਦੇ ਹਨ।ਜਿਵੇਂ

"ਪਹਿਲੈ ਪਿਆਰਿ ਲਗਾ ਥਣ ਦੁਧਿ॥

ਦੂਜੈ ਮਾਇ ਬਾਪ ਕੀ ਸੁਧਿ॥

ਤੀਜੈ ਭਯਾ ਭਾਭੀ ਬੇਬ॥

ਚਉਥੈ ਪਿਆਰਿ ਉਪੰਨੀ ਖੇਡ॥

ਪੰਜਵੈ ਖਾਣ ਪੀਅਣ ਕੀ ਧਾਤੁ॥

ਛਿਵੈ ਕਾਮੁ ਨ ਪੁਛੈ ਜਾਤਿ॥

ਸਤਵੈ ਸੰਜਿ ਕੀਆ ਘਰ ਵਾਸੁ॥

ਅਠਵੈ ਕ੍ਰੋਧੁ ਹੋਆ ਤਨ ਨਾਸੁ॥

ਨਾਵੈ ਧਉਲੇ ਉਭੇ ਸਾਹ॥

ਦਸਵੈ ਦਧਾ ਹੋਆ ਸੁਆਹ॥ "[37]

ਇਸ ਤਰ੍ਹਾਂ ਗੁਰੂ ਜੀ ਨੇ ਮਨੁੱਖੀ ਜੀਵਨ ਦੇ ਹਰ ਉਲੇਖਯੋਗ ਪਹਿਲੂ ਨੂੰ ਦਸ ਕਿਰਿਆਵਾਂ ਵਿਚ ਵਿਭਾਜਿਤ ਕਰਕੇ ਕੇਵਲ ਇਕ-ਇਕ ਪੰਕਤੀ ਵਿਚ ਹੀ ਹਰ ਕ੍ਰਿਆ ਨੂੰ ਬਿਆਨ ਕਰ ਦਿੱਤਾ ਹੈ। ਜਨਮ ਤੋਂ ਲੈ ਕੇ ਮੌਤ ਤਕ ਦੀ ਕਹਾਣੀ ਕੇਵਲ ਦਸ ਪੰਕਤੀਆਂ ਦੁਆਰਾ ਰੂਪਮਾਨ ਕਰ ਦਿੱਤੀ ਹੈ। ਇਹੋ ਜਿਹੀ ਸੂਤਰਬੱਧ ਬਿਆਨ ਦੇ ਹੋਰ ਬਹੁਤ ਸਾਰੇ ਪ੍ਰਮਾਣ ਇਸ ਵਾਰ ਵਿਚ ਦੇਖੇ ਜਾ ਸਕਦੇ ਹਨ। 'ਮਾਝ ਦੀ ਵਾਰ' ਵਿਚ ਗੁਰੂ ਸਾਹਿਬ ਦੀ ਮਹਾਨ ਕਾਵਿ-ਪ੍ਰਤਿਭਾ ਦਾ ਇਕ ਹੋਰ ਪ੍ਰਮਾਣ ਆਪ ਦੁਆਰਾ ਸਿਰਜੀਆਂ 'ਅਮਰ ਸਚਾਈਆਂ' ਹਨ। ਇਹ ਅਮਰ ਸਚਾਈਆਂ ਲੋਕੋਕਤੀਆਂ ਦਾ ਰੂਪ ਧਾਰਨ ਕਰਨ ਦੀ ਸੱਮਰਥਾ ਰੱਖਦੀਆਂ ਹਨ। ਇਹੋ ਜਿਹੀਆਂ ਕੁਝ ਤੁਕਾਂ ਦੇਖੋ:

## 4.9ਛੰਦ

ਵਾਰ ਕਾਵਿ ਪਉੜੀਆਂ ਵਿਚ ਰਚੀ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਪਉੜੀ' ਇਕ ਵਿਸ਼ੇਸ਼ ਕਿਸਮ ਦਾ ਛੰਦ ਹੈ, ਛੰਦ ਵਿਚ ਹੀ ਵਾਰਾਂ ਲਿਖੀਆਂ ਜਾਂਦੀਆਂ ਹਨ। ਢਾਡੀ ਲੋਕ ਯੁੱਧ ਦਾ ਪ੍ਰਸੰਗ ਵਾਰਤਕ ਵਿਚ ਸੁਣਾ ਕੇ ਉਸਦਾ ਸਾਰ ਪਉੜੀ ਛੰਦ ਵਿਚ ਲੈਅ-ਤਾਲ ਨਾਲ ਗਾ ਕੇ ਪਰਕਰਣ ਸਮਾਪਤ ਕਰਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਅਨੇਕ ਛੰਦ 'ਪਉੜੀ' ਸਿਰਲੇਖ ਹੇਠ ਦੇਖੇ ਜਾਂਦੇ ਹਨ। ਸਿੱਖ ਕਾਵਿ ਰੂਪ  ਹਨ। ਦੋਹਾ ਰੂਪ, ਚੌਪਈ ਰੂਪ, ਹੰਸ ਗੀਤ ਛੰਦ ਦਾ ਰੂਪ ਅਦਿ। ਪਉੜੀ ਵਿਚ ਚਰਣਾਂ ਦੀ ਸੰਖਿਆਂ ਪੰਜ, ਛੇ, ਅੱਠ ਅਤੇ ਬਾਰਾਂ ਆਦਿਕ ਹੋ ਸਕਦੀ ਹੈ। 'ਮਾਝ ਦੀ ਵਾਰ' ਵਿਚ ਅੱਠ ਚਰਣਾਂ ਵਾਲੀ ਪਉੜੀ ਦਾ ਪ੍ਰਯੋਗ ਹੋਇਆ ਹੈ।

"ਜਾਤੀ ਦੈ ਕਿਆ ਹਥਿ ਸਚੁ ਪਰਖੀਐ॥

ਮਹੁਰਾ ਹੋਵੈ ਹਥਿ ਮਰੀਐ ਚਖੀਐ॥

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥

ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥ "[38]

## 4.10 ਬਿੰਬ

ਬਿੰਬ ਜੋ ਬਾਣੀ ਵਿਚਲੀਆਂ ਸਤਰਾਂ ਨੂੰ ਉਚਾਈ ਤੱਕ ਪੁਹੰਚ ਦਿੰਦਾ ਹੈ। ਬਿੰਬ ਇਕ ਅਜਿਹਾ ਸ਼ਬਦ ਚਿੰਤਨ ਹੈ। ਜਿਹੜਾ ਸਾਡੇ ਇੰਦਰੀਆਂ ਬੋਧ ਨੂੰ ਜਗ੍ਰਾ ਦਿੰਦਾ ਹੈ। ਗੁਰੂ ਸਾਹਿਬ ਦੀ ਬਾਣੀ 'ਮਾਝ ਦੀ ਵਾਰ' ਵਿਚ ਕਈ ਤਰ੍ਹਾਂ ਦੇ ਬਿੰਬ ਆਏ ਹਨ।

**4.9.1 ਰਸ ਬਿੰਬ:-** "ਨਾਨਕ ਗੁਰੂ ਸੰਤੋਖ ਰੁਖੁ ਧਰਮੁ ਫੁਲੁ ਫਲ ਗਿਆਨੁ॥

ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ॥

ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ॥ "

ਇਨ੍ਹਾਂ ਸਤਰਾਂ ਵਿਚ ਇਹ ਕਿਹਾ ਗਿਆ ਹੈ ਕਿ ਨਾਨਕ ਗੁਰੂ ਸੰਤੋਖ ਦਾ ਰੁੱਖ ਹੈ। ਇਸ ਰੁੱਖ ਉੱਪਰ ਧਰਮ ਦਾ ਫੁੱਲ ਅਤੇ ਗਿਆਨ ਦਾ ਫਲ ਲੱਗਦਾ ਹੈ ਇਸ ਰੁੱਖ ਨੂੰ ਪਰਮਾਤਮਾ ਨੇ ਸਿੰਜਿਆ ਜਿਸ ਕਰਕੇ ਇਹ ਹਰਿਆ ਭਰਿਆ ਰਹਿੰਦਾ ਹੈ। ਇਹ ਫਲ ਚੰਗੇ ਕੰਮਾਂ ਦੁਆਰਾ ਅਤੇ ਪਰਮਾਤਮਾ ਦਾ ਨਾਮ ਜਾਪਣ ਨਾਲ ਹੀ ਪੱਕਦਾ ਹੈ। ਪਰਮਾਤਮਾ ਦੇ ਮੇਲ ਦਾ ਫਲ ਖਾਣ ਦੀ ਪਤ ਮਿਲਣੀ ਰੱਬ ਵੱਲੋਂ ਬੰਦੇ ਨੂੰ ਸਭ ਤੋਂ ਵੱਡੀ ਬਖਸ਼ਿਸ਼ ਹੈ।

**4.9.2 ਨਾਦ ਬਿੰਬ:-** "ਆਖਣੁ ਆਖਿ ਨ ਰਜਿਆ ਸੁਨਿਣ ਨ ਰਜੇ ਕੰਨ॥

ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥

ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥"

ਮੂੰਹ ਗੱਲਾਂ ਕਰ ਕਰਕੇ ਨਹੀਂ ਰੱਜਦਾ! ਕੰਨ ਸੁਣ ਸੁਣ ਕੇ ਨਹੀਂ ਰੱਜਦੇ। ਅੱਖਾਂ ਵੇਖ ਵੇਖ ਕੇ ਨਹੀਂ ਰੱਜਦੀਆਂ। ਕੰਨ ਆਵਾਜ਼ ਦੇ ਰਾਹੀ ਹੀ ਰਸ ਮਾਣ ਸਕਦੇ ਹਨ ਇਹੋ ਹੀ ਬਾਕੀ ਇੰਦਰੀਆਂ ਦਾ ਹਾਲ ਹੈ। ਜਿਸ ਤਰ੍ਹਾਂ ਇਨ੍ਹਾਂ ਇੰਦਰੀਆਂ ਦੀ ਭੁੱਖ ਨਹੀਂ ਮਿਟਦੀ, ਇਸੇ ਤਰ੍ਹਾਂ ਹੀ ਉਤੋਂ ਉਤੋਂ ਗੱਲਾਂ ਕਰਕੇ ਸਮਝਾਉਣ ਨਾਲ ਅੰਦਰ ਦੀ ਤ੍ਰਿਸ਼ਨਾ ਨਹੀਂ ਮਿਟਦੀ।

## 4.11 ਪ੍ਰਤੀਕ/ਚਿੰਨ੍ਹ

ਸਾਡੇ ਜੀਵਨ ਵਿਚ ਪ੍ਰਤੀਕ ਦਾ ਉਨਾਂ ਹੀ ਮੱਹਤਵ ਹੈ। ਜਿੰਨਾ ਕਿ ਸਾਹਿਤ ਵਿਚ, ਕਿਉਂਕਿ ਮਨੁੱਖੀ ਵਿਹਾਰ ਵਿਚ ਪ੍ਰਤੀਕ ਆਮ ਵਰਤੇ ਜਾਂਦੇ ਹਨ। ਮਨੁੱਖ ਦੀ ਤਾਂ ਸਹਿਜ ਸੁਭਾ ਰੁਚੀ ਹੀ ਪ੍ਰਤੀਕੀਕਰਣ ਦੀ ਹੈ। ਪ੍ਰਤੀਕ ਸ਼ਬਦ ਅੰਗਰੇਜ਼ੀ ਦੇ symbol ਦਾ ਸਮਾਨਰਥਕ ਹੈ। ਪੱਛਮੀ ਕਾਵਿ ਸ਼ਾਸਤਰ ਵਿਚ ਇਸਦੀ ਬਹੁਤ ਵਿਆਖਿਆ ਹੋਈ ਹੈ।

1. ਪ੍ਰਤੀਕ ਅਣਦਿੱਸਦੇ ਦੀ ਪ੍ਰਤੀਨਿੱਧਤਾ ਕਰਦਾ ਹੈ।
2. ਪ੍ਰਤੀਕ ਸਾਡੇ ਮਨਾ ਵਿਚ ਤੁਰੰਤ ਫੁਰਤ ਕੋਈ ਭਾਵਨਾ ਉਜਾਗਰ ਕਰ ਦਿੰਦਾ ਹੈ।
3. ਪ੍ਰਤੀਕ ਉੱਤੇ ਉਸਦੇ ਆਪਣੇ ਸਮੇਂ ਸਥਾਨ ਤੇ ਸੱਭਿਆਚਾਰਕ ਮਾਹੌਲ ਦੀ ਮੁਹਰ-ਛਾਪ ਹੁੰਦੀ ਹੈ।

"ਹਕੁ ਪਰਾਇਆ ਨਾਨਕਾ ਉਸੁ ਸੁਅਰ ਗਾਇ॥

ਗੁਰੂ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ॥"[39]

'ਮਾਝ ਦੀ ਵਾਰ' ਦਾ ਸਰਵਪੱਖੀ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਦੀ 'ਮਾਝ ਦੀ ਵਾਰ' ਬਾਣੀ ਇਕ ਮਹਾਨ ਅਤੇ ਅਮਰ ਰਚਨਾ ਹੈ। ਇਸ ਵਿਚ ਗੁਰੂ ਸਾਹਿਬ ਨੇ ਜਿੱਥੇ ਆਪਣੇ ਲੋਕ-ਪੱਖੀ ਅਤੇ ਇਨਕਲਾਬੀ ਅਨੁਭਵ ਨੂੰ ਅਭਿਵਿਅਕਤ ਕੀਤਾ ਹੈ, ਉਥੇ ਕਾਵਿ-ਕਲਾ ਦੇ ਵੀ ਹਰ ਇਕ ਅੰਗ, ਉਪਅੰਗ ਨੂੰ ਕਾਵਿ-ਸ਼ੈਲੀ ਦੁਆਰਾ ਨਿਖਾਰ-ਸੰਵਾਰ ਕੇ ਪੇਸ਼ ਹੈ। ਸੱਚਮੁਚ ਗੁਰੂ ਸਾਹਿਬ ਇਸ ਵਿਸ਼ਾਲ ਬ੍ਰਹਿਮੰਡ ਦੇ ਇਕ ਮਹਾਨ ਢਾਡੀ ਸਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜਿੱਥੇ ਗੁਰੂ ਨਾਨਕ ਸਾਹਿਬ ਜੀ ਦੀ ਮਹਾਨ ਰਚਨਾ ਮਾਝ ਦੀ ਵਾਰ ਵਿਸ਼ੇ ਪੱਖ ਤੋਂ ਸਮਕਾਲੀ ਅਤੇ ਅਜੋਕੀਆਂ ਪ੍ਰਸਥਿਤੀਆ ਵਿਚ ਮੱਹਤਵਪੂਰਨ ਰਚਨਾ ਹੈ। ਵਾਰ ਨੂੰ ਗੁਰੂ ਸਾਹਿਬਾਨ ਵੱਲੋਂ ਪੇਸ਼ ਕਰਨ ਦਾ ਕਲਾਤਮਕ ਪੱਖ ਬਹੁਤ ਮੱਹਤਵਪੂਰਨ ਹੈ। ਗੁਰੂ ਸਾਹਿਬ ਨੇ ਵਾਰ ਸਾਹਿਤ ਵਿਚ ਜੋ ਕਲਾਤਮਕ

ਪੱਖ ਹੁੰਦੇ ਹਨ ਉਨ੍ਹਾਂ ਸਾਰੇ ਪੱਖਾ ਦੀ ਭਰਪੂਰ ਪੇਸ਼ਕਾਰੀ ਕੀਤੀ ਹੈ। ਮਿਸਾਲ ਵਜੋਂ ਮੰਗਲਾਚਰਣ, ਪਉੜੀ, ਸੰਗਠਨ, ਰਸ, ਅਲੰਕਾਰ, ਛੰਦ, ਬਿੰਬ, ਪ੍ਰਤੀਕ/ਚਿੰਨ, ਭਾਸ਼ਾ ਅਤੇ ਸ਼ੈਲੀ ਆਦਿ ਤੋਂ ਇਲਾਵਾ ਜੱਸ ਅਤੇ ਟੱਕਰ ਦੀ ਵੀ ਭਰਪੂਰ ਰੂਪ ਵਿਚ ਪੇਸ਼ਕਾਰੀ ਹੋਈ ਮਿਲਦੀ ਹੈ। ਵਾਰ ਕਾਵਿ ਰੂਪ ਵਿਚ ਟੱਕਰ ਦਾ ਹੋਣਾ ਲਾਜ਼ਮੀ ਗੁਣ ਹੈ। ਇਸ ਵਾਰ ਵਿਚ ਟੱਕਰ ਮਨਮੁਖ ਅਤੇ ਗੁਰਮੁਖ ਵਿਚ ਦਰਸਾ ਕੇ ਗੁਰਮੁਖ ਵਿਅਕਤੀ ਭਾਵ ਨੇਕੀ ਦੀ ਬਦੀ (ਮਨਮੁਖ) ’ਤੇ ਜਿੱਤ ਦਰਸਾਈ ਗਈ ਹੈ। ਇਸ ਤਰ੍ਹਾਂ ਮਾਝ ਦੀ ਵਾਰ ਵਿਚ ਕਲਾਤਮਕ ਪੱਖ ਭਰਪੂਰ ਰੂਪ ਵਿਚ ਪੇਸ਼ ਹੋਇਆ ਮਿਲਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼,
2. 'ਮਾਝ ਦੀ ਵਾਰ' ਰੂਪ-ਰਚਨਾ ਅਤੇ ਪਾਠ, ਪੰਨਾ 60-61
3. 'ਮਾਝ ਦੀ ਵਾਰ' ਅੰਗ 146
4. 'ਮਾਝ ਦੀ ਵਾਰ' ਅੰਗ 138
5. ਉਹੀ, ਅੰਗ 146
6. ਉਹੀ, ਅੰਗ 141
7. ਉਹੀ, ਅੰਗ 142
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 137
9. ਮੰਗਲਾਚਰਣ, ਅੰਗ 1
10. 'ਮਾਝ ਦੀ ਵਾਰ' ਸਲੋਕ ਮਹਲਾ 1, ਅੰਗ 138
11. 'ਮਾਝ ਦੀ ਵਾਰ' 27ਵੀਂ ਪਉੜੀ, ਅੰਗ 141
12. 'ਮਾਝ ਦੀ ਵਾਰ' ਰੂਪ-ਰਚਨਾ ਅਤੇ ਪਾਠ, ਪੰਨਾ 63
13. ਸਤਾਈਵੀਂ ਪਉੜੀ, ਅੰਗ 150
14. ਉਹੀ, ਅੰਗ 140
15. 'ਮਾਝ ਦੀ ਵਾਰ' ਰੂਪ-ਰਚਨਾ ਅਤੇ ਪਾਠ, ਪੰਨਾ 64
16. ਉਹੀ, ਅੰਗ 142
17. ਉਹੀ, ਅੰਗ 147
18. ਉਹੀ, ਅੰਗ 150
19. ਉਹੀ, ਅੰਗ 150
20. 'ਮਾਝ ਦੀ ਵਾਰ' ਅੰਗ 146
21. ਪਹਿਲੀ ਪਉੜੀ, ਅੰਗ 138
22. 10ਵੀਂ ਪਉੜੀ, ਅੰਗ 142
23. 8ਵੀਂ ਪਉੜੀ, ਅੰਗ 141
24. ਸਲੋਕੁ ਮਹਲਾ 1, ਅੰਗ 144
25. ਸਲੋਕੁ ਮਹਲਾ 1, ਅੰਗ 149
26. ਸਲੋਕੁ ਮਹਲਾ 1, ਅੰਗ 138

27. ਸਲੋਕੁ ਮਹਲਾ 1, ਅੰਗ 140
28. ਸਲੋਕੁ ਮਹਲਾ 1, ਅੰਗ 140
29. ਸਲੋਕੁ ਮਹਲਾ 1, ਅੰਗ 143
30. 25ਵੀਂ ਪਉੜੀ ਅੰਗ 149
31. ਸਲੋਕੁ ਮਹਲਾ 1, ਅੰਗ 138
32. ਸਲੋਕੁ ਮਹਲਾ 2, ਅੰਗ 138
33. ਦੂਜੀ ਪਉੜੀ, ਅੰਗ 138
34. 15ਵੀਂ ਪਉੜੀ, ਅੰਗ 145
35. ਸਲੋਕੁ ਮਹਲਾ 1, ਅੰਗ 139
36. ਉਹੀ, ਅੰਗ 143
37. ਸਲੋਕੁ ਮਹਲਾ 1, ਅੰਗ 138
38. ਉਹੀ, ਅੰਗ
39. ਉਹੀ, ਅੰਗ 141

# ਸਾਰ

ਮੱਧਕਾਲੀ ਪੰਜਾਬੀ ਸਾਹਿਤ, ਪੰਜਾਬੀ ਸਾਹਿਤ ਪਰੰਪਰਾ ਦਾ ਇੱਕ ਵੱਡਮੁੱਲਾ ਸਰਮਾਇਆ ਹੋਣ ਕਰਕੇ ਪੰਜਾਬੀ ਭਾਸ਼ਾ ਸਾਹਿਤ ਵਿਚ ਆਪਣਾ ਗੌਰਵਮਈ ਸਥਾਨ ਰੱਖਦਾ ਹੈ। ਮੱਧਕਾਲ ਵਿਚ ਪੈਂਦਾ ਹੋਏ ਕਾਵਿ-ਰੂਪਾਂ ਅਤੇ ਉਨ੍ਹਾਂ ਵਿਚ ਪੇਸ਼ ਹੋਏ ਵਿਸ਼ਿਆਂ ਦੀ ਉੱਚਤਾ, ਅਲੰਕਾਰ ਵਿਧਾਨ ਦੀ ਨਵੀਨਤਾ ਅਤੇ ਸਰਲਤਾ ਕਰਕੇ ਵਿਦਵਾਨਾਂ ਨੇ ਇਸਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਵੀ ਆਖਿਆ ਹੈ। ਮੱਧਕਾਲ ਵਿਚ ਪੰਜਾਬੀ ਸਾਹਿਤ ਦੇ ਅੰਤਰਗਤ ਅਨੇਕਾਂ ਕਾਵਿ-ਰੂਪਾਂ ਨੇ ਜਨਮ ਲਿਆ ਅਤੇ ਇਨ੍ਹਾਂ ਕਾਵਿ ਧਾਰਾਵਾਂ ਨੇ ਕਾਫ਼ੀ ਵਿਕਾਸ ਕੀਤਾ। ਗੁਰਮਤਿ-ਕਾਵਿ ਪਰੰਪਰਾ ਮੱਧਕਾਲ ਦੀ ਸਿਰਮੋਰ ਕਾਵਿ ਧਾਰਾ ਕਹੀ ਜਾਂਦੀ ਹੈ। ਗੁਰਮਤਿ-ਕਾਵਿ ਵਿਚ ਸਿੱਖ ਗੁਰੂਆਂ ਨੇ ਆਪਣੇ ਉੱਚ ਅਧਿਆਤਮਕ, ਸਮਾਜਕ ਵਿਚਾਰਾਂ ਨੂੰ ਆਪਣੀ ਕਾਵਿ-ਕੁਸ਼ਲਤਾ ਦੇ ਮਾਧਿਅਮ ਰਾਹੀ ਪ੍ਰਗਟਾਇਆ ਹੈ।

'ਵਾਰ' ਪੰਜਾਬੀ ਦਾ ਸਿਰਮੋਰ ਤੇ ਮੌਲਿਕ ਕਾਵਿ ਰੂਪ ਹੈ ਜੋ ਕਿ ਕਾਫ਼ੀ ਲੰਮੇ ਸਮੇਂ ਤੋਂ ਪੰਜਾਬੀ ਲੋਕ-ਜੀਵਨ ਦਾ ਅੰਗ ਬਣਿਆ ਰਿਹਾ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਹੀ ਅਜਿਹੀ ਰਹੀ ਹੈ ਕਿ ਇਸ ਦੇ ਖ਼ੂਨ ਵਿਚ ਵੀਰ-ਰਸੀ ਜਜ਼ਬਾ ਨਿੱਘ ਬਣਕੇ ਸਮਾਇਆ ਹੋਇਆ ਹੈ। ਬਾਹਰੋਂ ਆਏ ਹਮਲਾਵਰਾਂ ਦੇ ਨਾਲ ਵਾਰ-ਵਾਰ ਟਕਰਾਓ ਨੇ ਪੰਜਾਬੀਆਂ ਦੀ ਵੀਰ-ਰਸੀ ਮਾਨਸਿਕਤਾ ਨੂੰ ਬਲਵਾਨ ਕੀਤਾ ਹੈ ਤੇ ਪੰਜਾਬੀ ਇਹਨਾਂ ਬਾਹਰੋਂ ਆਏ ਹਮਲਾਵਰਾਂ ਨੂੰ ਹਮੇਸ਼ਾ ਹੀ ਤਲਵਾਰ ਦੇ ਦਮ ਉੱਪਰ ਰੋਕਦੇ ਰਹੇ ਹਨ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾ ਕਹਾਵਤ ਪੰਜਾਬੀਆਂ ਦੀ ਇਤਿਹਾਸਕ ਸੱਚਾਈ ਨੂੰ ਬਿਆਨ ਕਰਦੀ ਹੈ। ਸੋ ਪੰਜਾਬੀਆਂ ਨੂੰ ਇਨ੍ਹਾਂ ਨਿੱਤ ਨਵੀਂਆਂ ਮੁਹਿੰਮਾ ਦਾ ਟਾਕਰਾ ਕਰਨ ਲਈ ਉਤਸ਼ਾਹ 'ਤੇ ਪ੍ਰੇਰਨਾ ਦੇਣ ਲਈ ਲੋਕ ਸਭਿਆਚਾਰ ਵਿਚ ਇੱਕ ਅਜਿਹਾ ਵਰਗ ਪੈਦਾ ਹੋਇਆ ਜਿਸ ਦਾ ਕਾਰਜ ਨੌਜਵਾਨਾਂ ਨੂੰ ਜੰਗਾਂ ਅਤੇ ਯੁੱਧਾਂ ਲਈ ਪ੍ਰੇਰਿਤ ਕਰਨਾ ਸੀ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਤਿਭਾ ਦੇ ਬਲ ਉਪਰ ਜਿੱਥੇ ਨਵੇਂ ਕਾਵਿ-ਰੂਪ ਵਰਤੇ ਉੱਥੇ ਲੋਕ ਜੀਵਨ ਵਿਚੋਂ ਲਏ ਹੋਏ ਕਾਵਿ-ਰੂਪਾਂ ਨੂੰ ਨਵਾਂ ਰੰਗ ਦਿੱਤਾ। 'ਮਾਝ ਦੀ ਵਾਰ' ਗੁਰੂ ਸਾਹਿਬ ਦੀ ਮਹਾਨ ਰਚਨਾ ਹੈ ਜਿਸ ਵਿਚ ਉਨ੍ਹਾਂ ਨੇ ਗੁਰਮੁਖ ਅਤੇ ਮਨਮੁਖ ਦੇ ਟਕਰਾਉ ਨੂੰ ਪੇਸ਼ ਕਰਦਿਆਂ ਹੋਇਆ ਅਧਿਆਤਮਿਕ, ਸਮਾਜਕ ਜੀਵਨ ਦਾ ਉਹ ਉੱਚ ਮਾਡਲ ਪੇਸ਼ ਕੀਤਾ ਹੈ ਜੋ ਕਿ ਕਿਸੇ ਵੀ ਮਨੁੱਖ ਲਈ ਚੰਗੀ ਸੇਧ ਦੇਣ ਵਾਲਾ ਸਾਬਤ ਹੋ ਸਕਦਾ ਹੈ। ਇਹ ਵਾਰ ਜਿੱਥੇ ਆਪਣੇ ਵਿਚਾਰਾਂ ਕਰਕੇ ਪੰਜਾਬੀ ਸਾਹਿਤ ਪਰੰਪਰਾਂ ਵਿਚ ਵਿਸ਼ੇਸ਼ ਗੋਰਵ ਦੀ ਥਾਂ ਰੱਖਦੀ ਹੈ ਉਥੇ ਪੂਰਨ ਰੂਪ ਵਿਚ ਪ੍ਰਾਪਤ ਪੰਜਾਬੀ ਸਾਹਿਤ ਦੀ ਪਹਿਲੀ ਵਾਰ ਰਚਨਾ ਹੋਣ ਦੇ ਨਾਂਅ 'ਤੇ ਰੂਪਾਕਾਰਕ ਪੱਖੋਂ ਪੰਜਾਬੀ ਸਾਹਿਤ ਵਿਚ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਵੀ ਕਰਦੀ ਹੈ।

'ਮਾਝ ਦੀ ਵਾਰ' ਆਦਰਸ਼ਕ ਰਚਨਾ ਹੋਣ ਕਰਕੇ ਸਾਹਿਤਕ ਖੇਤਰ ਵਿਚ ਵੀ ਖ਼ਾਸ ਮੱਹਤਵ ਦੀ ਧਾਰਨੀ ਹੈ। ਪੰਜਾਬੀ ਸਾਹਿਤ ਦੇ ਵਿਦਵਾਨਾਂ ਵਿਚੋਂ ਕਿਸੇ ਨੇ ਇਸ ਵਾਰ ਨੂੰ ਗੁਰੂ ਨਾਨਕ ਦਾ ਹਿਰਦਾ, ਕਿਸੇ ਨੇ ਗੁਰਮਤਿ ਦੀ ਵਿਚਾਰਧਾਰਾ ਦਾ ਆਧਾਰ, ਕਿਸੇ ਨੇ ਸਮਾਜਵਾਦ ਦਾ ਇਨਕਲਾਬ, ਕਿਸੇ ਨੇ ਨੈਤਿਕ ਕੀਮਤਾਂ 'ਤੇ ਕਿਸੇ ਨੇ

ਦਾਰਸ਼ਨਿਕ ਚਿੰਤਨ ਆਦਿ ਦਰਸਾ ਕੇ ਵਿਦਵਾਨਾਂ ਨੇ ਆਪੋ-ਆਪਣੀ ਰਾਇ ਮੁਤਾਬਿਕ 'ਮਾਝ ਦੀ ਵਾਰ' ਨੂੰ ਇਕ ਉੱਚ ਕੋਟੀ ਦੀ 'ਵਾਰ' ਦਰਸਾਇਆ ਹੈ। ਅਸੀਂ ਆਪਣੇ ਖੋਜ ਅਧਿਐਨ ਦੀ ਸਹੀ ਢੰਗ ਨਾਲ ਪਰਖ ਕਰਨ ਲਈ ਇਸ ਨੂੰ ਚਾਰ ਅਧਿਆਇ ਵਿਚ ਵੰਡਿਆ ਹੈ।

'ਮਾਝ ਦੀ ਵਾਰ' ਨੂੰ ਪੰਜਾਬੀ ਵਾਰ ਪਰੰਪਰਾ ਦੇ ਸੰਬੰਧ ਵਿਚ ਸਮਝਣ ਲਈ ਪਹਿਲਾ ਅਧਿਆਇ 'ਵਾਰ' ਦਾ ਅਰਥ, ਪਰਿਭਾਸ਼ਾ, ਸਰੂਪ 'ਤੇ ਵਿਕਾਸ ਨੂੰ ਦਰਸਾਇਆ ਹੈ। ਇਸ ਵਾਰ ਵਿਚ ਦੱਸਿਆ ਗਿਆ ਹੈ ਕਿ ਇਹ ਵਾਰ ਪੰਜਾਬੀ ਲੋਕ ਮਨ ਵਿਚੋਂ ਪੈਦਾ ਹੋਈ ਹੈ। ਪੰਜਾਬ ਭੂਗੋਲਿਕ ਤੌਰ 'ਤੇ ਇਕ ਸੀਮਾਵਰਤੀ ਦੇਸ਼ ਹੋਣ ਕਰਕੇ ਹਮਲਾਵਰਾਂ ਨਾਲ ਦਸਤ-ਪੰਜਾ ਲੈਣਾ ਇਥੋਂ ਦੇ ਲੋਕਾਂ ਦੀ ਮਜ਼ਬੂਰੀ ਦੇ ਨਾਲ-ਨਾਲ ਸ਼ੋਕ ਵੀ ਸੀ। ਪੰਜਾਬ ਦੀ ਧਰਤੀ ਹਮਲਾਵਰਾਂ ਨੂੰ ਹਮਲਾ ਕਰਨ ਲਈ ਵਾਰ-ਵਾਰ ਸੈਣਤਾਂ ਮਾਰਦੀ ਸੀ ਜਿਸ ਕਰਕੇ ਪੰਜਾਬ ਦੇ ਹਾਲਾਤਾਂ ਨੇ ਹੀ ਪੰਜਾਬੀਆਂ ਨੂੰ ਬਹਾਦਰ ਬਣਾ ਦਿੱਤਾ। ਬਹਾਦਰੀ ਨੂੰ ਹੋਰ ਉਤਸ਼ਾਹਿਤ ਕਰਨ ਲਈ ਇਥੋਂ ਦੇ ਢਾਡੀਆਂ, ਭੱਟਾਂ ਨੇ ਬਹਾਦਰਾਂ ਦੀ ਬਹਾਦਰੀ ਦੇ ਪ੍ਰਸੰਸ਼ਾਮਈ ਗੀਤ ਗਾਏ ਅਤੇ ਇਹੀ ਗੀਤ ਵਾਰ ਕਹਿਲਾਏ ਗਏ। ਗੁਰੂ ਜੀ ਨੇ ਆਪਣੇ ਆਪ ਨੂੰ ਵਾਰ ਰਚਨਾ ਵਿਚ 'ਢਾਡੀ' ਕਿਹਾ ਹੈ। ਇਸ ਖੋਜ ਕਾਰਜ ਵਿਚ ਵੱਖ-ਵੱਖ ਵਿਦਵਾਨਾਂ ਦੁਆਰਾ 'ਵਾਰ' ਸੰਬੰਧੀ ਦਿੱਤੀਆਂ ਪਰਿਭਾਸ਼ਾਵਾਂ ਦਾ ਜ਼ਿਕਰ ਵੀ ਕੀਤਾ ਹੈ। ਉਨ੍ਹਾਂ ਦੀ ਗੱਲਬਾਤ ਤੋਂ ਸਿੱਟਾ ਇਹ ਨਿਕਲਦਾ ਹੈ।

'ਵਾਰ' ਪਉੜੀਆਂ ਵਿਚ ਰਚੀ ਜਾਂਦੀ ਹੈ।

'ਵਾਰ' ਵਿਚ ਅੰਤਰਮੁਖੀ ਅਤੇ ਬਾਹਰਮੁਖੀ ਸੰਘਰਸ਼ ਦਾ ਹੋਣਾ ਜ਼ਰੂਰੀ ਹੈ।

ਵੀਰ-ਰਸੀ ਦੇ ਨਾਲ-ਨਾਲ ਵਾਰਾਂ ਵਿਚ ਅਧਿਆਤਮਕ ਅਤੇ ਧਾਰਮਕ ਪੱਖ ਵੀ ਹੋਣਾ ਜ਼ਰੂਰੀ ਹੈ

ਇਸ ਉਪਰੋਕਤ ਸਿੱਟਿਆਂ ਤੋਂ ਇਲਾਵਾ 'ਵਾਰ' ਦੇ ਸਰੂਪ ਵਿਚ ਮੰਗਲਾਚਰਣ, ਉਥਾਨਿਕਾ, ਟੱਕਰ, ਨਾਇਕ-ਪ੍ਰਤਿਨਾਇਕ, ਜੱਸ, ਕਾਵਿ-ਨਿਆਂ, ਰਸ, ਦ੍ਰਿਸ਼-ਵਰਣਨ ਆਦਿ ਹੋਣਾ ਵਾਰ ਦੀ ਜ਼ਰੂਰੀ ਸ਼ਰਤ ਮੰਨਿਆ ਹੈ। ਇਸ ਖੋਜ ਕਾਰਜ ਵਿਚ ਦਰਸਾਇਆ ਹੈ ਕਿ ਪੰਜਾਬੀ ਸਾਹਿਤ ਵਿਚ ਨੌਂ ਬੀਰ-ਰਸੀ ਧੁਨੀ ਵਾਲੀਆਂ ਵਾਰਾਂ ਦੀ ਰਚਨਾ ਤੋਂ ਬਾਅਦ ਗੁਰਮਤਿ-ਕਾਲ ਵਿਚ ਬਹੁਤ ਸਾਰੀਆਂ ਜ਼ਬਰ-ਜ਼ੁਲਮ ਦੇ ਵਿਰੋਧ ਵਿਚ ਪੰਜਾਬੀ ਵਾਰ ਦੀ ਸੁਰ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਰਚੀ 'ਚੰਡੀ ਦੀ ਵਾਰ' ਸਦਕਾ ਵਾਰ ਕਾਵਿ ਰੂਪ ਆਪਣੀ ਖ਼ਾਨਦਾਨੀ ਪਰੰਪਰਾ ਨਾਲ ਜੁੜਦੀ ਹੈ। 'ਚੰਡੀ ਦੀ ਵਾਰ' ਇਕ ਅਜਿਹੀ ਪੰਜਾਬੀ ਸਾਹਿਤ ਵਿਚ 'ਵਾਰ' ਪ੍ਰਾਪਤ ਹੁੰਦੀ ਹੈ ਜਿਸ ਵਿਚ ਅਧਿਆਤਮਕਤਾ 'ਤੇ ਬੀਰ-ਰਸੀ ਭਾਵਾਂ ਦਾ ਉਜਾਗਰ ਹੋਇਆ ਪ੍ਰਾਪਤ ਹੁੰਦਾ ਹੈ। ਇਸ ਵਾਰ ਰਚਨਾ ਨੂੰ ਪੰਜਾਬੀ ਵਾਰ ਪਰੰਪਰਾ ਦਾ ਸਿਖ਼ਰ ਕਿਹਾ ਗਿਆ ਹੈ। ਆਪਣੇ ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਲੋਕ ਧੁਨੀ ਦੀਆ ਵਾਰਾਂ ਅਧਿਆਤਮਕ ਵਾਰਾਂ, ਧਾਰਮਕ ਵਾਰਾਂ ਅਤੇ 'ਚੰਡੀ ਦੀ ਵਾਰ' ਤੋਂ ਬਾਅਦ ਵਾਰ ਸਾਹਿਤ ਦਾ ਵਿਕਾਸ ਪੱਖ ਉਲੀਕਦੇ ਹੋਏ ਬਹੁਤ ਸਾਰੀਆਂ ਬੀਰਤਾ-ਮਈ ਭਾਵਾਂ ਵਾਲੀਆਂ ਵਾਰਾਂ ਦਾ ਜ਼ਿਕਰ ਵੀ ਕੀਤਾ ਹੈ ਜਿਸ ਨੂੰ ਅਜੋਕੇ ਢਾਡੀ, ਕਵੀਸ਼ਰੀ ਆਦਿ ਗਵੱਈਏ ਇਸ ਪਰੰਪਰਾ ਨੂੰ ਨਿਰੰਤਰ ਅੱਗੇ ਤੋਰ ਰਹੇ ਹਨ। ਇਸ ਵਾਰ ਪਰੰਪਰਾ ਉੱਤੇ ਪੰਜਾਬੀਆਂ ਦਾ ਮਨ ਬਹੁਤ ਹੀ ਉੱਚੇ ਜ਼ਜ਼ਬੇ ਨਾਲ ਮਾਣ ਕਰਦਾ ਹੈ।

ਦੂਜੇ ਅਧਿਆਇ ਵਿਚ ਗੁਰੂ ਜੀ ਦੇ ਜੀਵਨ ਬਾਰੇ ਗੱਲ ਕੀਤੀ ਗਈ ਹੈ। ਕਿਉਂਕਿ 'ਮਾਝ ਦੀ ਵਾਰ' ਗੁਰੂ ਨਾਨਕ ਸਾਹਿਬ ਦੀ ਬਾਣੀ ਹੈ। ਇਸ ਅਧਿਆਇ ਵਿਚ ਗੁਰੂ ਸਾਹਿਬ ਦਾ ਜੀਵਨ ਪਿਛੋਕੜ ਦਰਸਾਇਆ ਗਿਆ ਹੈ। ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਪਹਿਲੇ ਗੁਰੂ ਹੋਏ ਸਨ ਜਾਂ ਇਸ ਤਰ੍ਹਾਂ ਕਹਿ ਲਉ ਕਿ ਗੁਰੂ ਨਾਨਕ ਜੀ ਸਿੱਖ ਧਰਮ ਦੇ ਮੋਢੀ ਸਨ। ਗੁਰੂ ਸਾਹਿਬ ਜੀ ਇਕ ਮਹਾਨ ਸੰਤ, ਉੱਚ ਕੋਟੀ ਦੇ ਵਿਦਵਾਨ ਕਵੀ ਹੋਏ ਹਨ ਗੁਰੂ ਜੀ ਦਾ ਜੀਵਨ ਬਹੁਤ ਸਰਲ ਤੇ ਸਾਦਾ ਸੀ। ਗੁਰੂ ਜੀ ਦੇ ਜਨਮ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਤੋਂ ਬਾਅਦ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਨੂੰ ਹੋਇਆ ਸੀ। ਸਿੱਖ ਧਰਮ ਦੇ ਬਾਨੀ 'ਤੇ ਆਦਿ ਆਚਾਰੀਆ ਗੁਰੂ ਨਾਨਕ ਦੇਵ ਸਾਹਿਬ ਦਾ ਪ੍ਰਕਾਸ਼ ਬਾਬਾ ਕਾਲੂ ਦੇ ਘਰ ਜੋ ਕਿ ਖਤਰੀ ਵੇਸ਼ ਜਾਤ ਬੇਦੀ ਬੰਸ ਸੀ ਅਤੇ ਉਹ ਪਿੰਡ ਦੇ ਪਟਵਾਰੀ ਸੀ। ਅਤੇ ਮਾਤਾ ਦੀ ਕੁੱਖੋਂ ਰਾਇ ਭੋਇ ਦੀ ਤਲਵੰਡੀ ਵਿਖੇ ਪਹਿਲੀ ਵੈਸਾਖ ਨੂੰ ਹੋਇਆ ਸੀ। ਬੀਬੀ ਨਾਨਕੀ ਗੁਰੂ ਸਾਹਿਬ ਜੀ ਦੀ ਵੱਡੀ ਭੈਣ ਸੀ। ਗੁਰੂ ਜੀ ਦੀ ਦਾਦੀ ਦਾ ਨਾਮ ਦੌਲਤਾਂ ਸੀ। ਆਪ ਦੇ ਪਿਤਾ ਜੀ ਖੇਤੀਬਾੜੀ ਅਤੇ ਵਪਾਰ ਕਰਦੇ ਸਨ ਅਤੇ ਪੜ੍ਹੇ ਹੋਣ ਕਰਕੇ ਪਟਵਾਰੀ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ

ਜਦੋਂ ਗੁਰੂ ਜੀ ਬਾਲ ਅਵਸਥਾ ਵਿਚ ਸਨ ਤਾਂ ਨੌਂ ਸਾਲ ਦੀ ਉਮਰ ਵਿਚ ਉਨ੍ਹਾਂ ਦੇ ਮਾਤਾ ਪਿਤਾ ਨੇ ਹਿੰਦੂ ਰਸਮ ਅਨੁਸਾਰ ਗੁਰੂ ਜੀ ਦੇ 'ਜਨੇਊ' ਪਾਉਣਾ ਚਾਹਿਆ ਤਾਂ ਉਨ੍ਹਾਂ ਪੰਡਿਤ ਨੂੰ ਕਿਹਾ ਕਿ ਮੇਰੇ ਕਪਾਹ ਦਾ ਜਨੇਊ ਨਾ ਪਾ ਤੂੰ ਇਸ ਤਰ੍ਹਾਂ ਦਾ ਜਨੇਊ ਪਾ ਜਿਸ ਨੂੰ ਪਰਮਾਤਮਾ ਦੇ ਨਾਲ ਜੋੜ ਕੇ ਰੱਖੇ ਇਹੋ ਜਿਹਾ 'ਜਨੇਊ' ਜਿਹੜਾ ਕਦੇ ਟੁੱਟੇ ਨੇ ਅਤੇ ਨਾ ਹੀ ਮੈਲਾ ਹੋਏ 'ਤੇ ਨਾ ਨਹੀਂ ਜਲੇ।

ਗੁਰੂ ਨਾਨਕ ਜੀ ਦਾ ਵਿਆਹ 16 ਸਾਲ ਦੀ ਉਮਰ ਵਿਚ ਬੀਬੀ ਸੁਲੱਖਣੀ ਨਾਲ ਹੋਇਆ ਜੋ ਕਿ ਬਟਾਲੇ ਨਗਰ ਜ਼ਿਲ੍ਹਾਂ ਗੁਰਦਾਸ ਦੇ ਰਹਿਣ ਵਾਲੇ ਭਾਈ ਮੂਲ ਚੰਦ ਦੀ ਪੁਤਰੀ ਸੀ।ਗੁਰੂ ਜੀ ਦਾ ਵਿਆਹ 1487 ਨੂੰ ਹੋਇਆ ਸੀ। ਗੁਰੂ ਜੀ ਦੇ ਘਰ ਦੋ ਪੁੱਤਰ ਪੈਦਾ ਹੋਏ ਬਾਬਾ ਸ੍ਰੀ ਚੰਦ ਅਤੇ ਬਾਬਾ ਲਛਮੀ ਦਾਸ। ਗੁਰੂ ਜੀ ਸੁਲਤਾਨਪੁਰ ਤਕਰੀਬਨ 13 ਵਰ੍ਹੇ ਰਹੇ।

ਗੁਰੂ ਜੀ ਨੇ ਆਪਣੇ ਜੀਵਨ ਵਿਚ ਚਾਰ ਉਦਾਸੀਆਂ ਵੀ ਕੀਤੀਆਂ ਇਕ ਦਿਨ ਗੁਰੂ ਜੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਤਿੰਨ ਦਿਨ ਅਲੋਪ ਰਹੇ। ਤਿੰਨ ਦਿਨਾਂ ਬਾਅਦ ਪ੍ਰਗਟ ਹੰਦਿਆਂ ਗੁਰੂ ਜੀ ਨੇ ਉਪਦੇਸ਼ ਦਿੱਤਾ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ'ਗੁਰੂ ਜੀ ਗੁਰਮਤਿ ਦਾ ਪ੍ਰਚਾਰ ਕਰਨ ਲਈ ਘਰ ਬਾਰ ਤਿਆਗ ਕੇ ਉਦਾਸੀਆਂ 'ਤੇ ਨਿਕਲ ਪਏ। ਗੁਰੂ ਜੀ ਨੇ ਲਗਭਗ 25-26 ਹਜ਼ਾਰ ਮੀਲ ਪੈਂਦਲ ਯਾਤਰਾ ਕੀਤੀ।ਗੁਰੂ ਜੀ ਨੇ 19 ਰਾਗਾਂ ਵਿਚ ਬਾਣੀ ਰਚੀ ਹੈ। ਗੁਰੂ ਜੀ ਦੁਆਰਾ ਰਚੀ ਜਪੁਜੀ ਸਾਹਿਬ ਬਾਣੀ ਰਾਗ ਰਹਿਤ ਬਾਣੀ ਹੈ।ਗੁਰੂ ਸਾਹਿਬ ਨੇ ਵਾਰਾਂ ਦੀ ਵੀ ਰਚਨਾ ਕੀਤੀ ਜੋ ਕਿ ਗੁਰੂ ਜੀ ਦੀਆਂ ਤਿੰਨ ਵਾਰਾਂ ਇਸ ਪ੍ਰਕਾਰ ਹਨ। 'ਆਸਾ ਦੀ ਵਾਰ' , 'ਮਾਝ ਦੀ ਵਾਰ' , 'ਮਲਾਰ ਦੀ ਵਾਰ' ਆਦਿ।

ਤੀਜੇ ਅਧਿਆਇ ਵਿਚ 'ਮਾਝ ਦੀ ਵਾਰ' ਦੇ ਵਿਸ਼ੇ ਪੱਖ ਨੂੰ ਉਲੀਕਦਿਆਂ ਇਸ ਵਾਰ ਵਿਚਲੇ ਚਿੰਤਨ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿਚ ਇਹ ਪੇਸ਼ ਕੀਤਾ ਗਿਆ ਹੈ ਕਿ ਜਿੱਥੇ ਇਹ ਵਾਰ ਅਧਿਆਤਮਕਤਾ ਦਾ ਭਰਵੇਂ ਰੂਪ ਵਿਚ ਚਿੱਤਰ ਪੇਸ਼ ਕਰਦੀ ਹੈ, ਉੱਥੇ ਸਮਾਜਕ ਕਦਰਾਂ-ਕੀਮਤਾ 'ਤੇ ਧਾਰਮਕ ਰਹੁ-ਰੀਤੀਆਂ ਦੇ ਆਧਾਰ ਉੱਪਰ ਇਕ ਆਦਰਸ਼ਕ ਸਮਾਜਕ ਮਨੁੱਖ ਦਾ ਮਾਡਲ ਵੀ ਪੇਸ਼ ਕਰਦੀ ਹੈ। ਇਸ ਵਿਚ ਮਨੁੱਖ ਨੂੰ ਸਚਿਆਰ ਬਣਨ ਦਾ ਉਪਦੇਸ਼ ਦਿੱਤਾ ਹੈ। ਜਿਹੜੇ ਪਰਮਾਤਮਾ ਦੇ ਨਾਮ ਸਿਮਰਨ ਤੋਂ ਦੂਰ ਰਹਿੰਦੇ ਹਨ ਉਨ੍ਹਾਂ ਦਾ ਜੀਵਨ ਕੂੜਿਆਰ ਬਣ ਜਾਂਦਾ ਹੈ, ਅਤੇ ਜਿਹੜਾ ਉਸ ਪਰਮਾਤਮਾ ਦੇ ਨਾਮ ਨਾਲ ਜੁੜ ਜਾਂਦਾ ਹੈ ਉਸਦੇ ਸਾਰੇ ਦੁੱਖ ਦੂਰ ਹੁੰਦੇ ਹਨ ਉਹ ਮਨੁੱਖ ਸਚਿਆਰ ਬਣ ਜਾਂਦਾ ਹੈ ਰੱਬ ਦੇ ਰਾਹ ਤੁਰਨ ਨਾਲ ਹੀ ਸਭ ਚੀਜ਼ਾਂ ਦੀ ਪੂਰਤੀ ਹੋ ਜਾਂਦੀ ਹੈ।

ਚੌਥੇ ਅਧਿਆਇ ਵਿਚ 'ਮਾਝ ਦੀ ਵਾਰ' ਦਾ ਕਲਾਤਮਿਕ ਪੱਖ ਪੇਸ਼ ਕਰਦੇ ਹੋਏ ਇਸ ਰਚਨਾ ਦੇ ਰੂਪ-ਪੱਖ, ਰਚਨਾ-ਕਾਲ, ਛੰਦ, ਕਾਵਿ-ਰੂਪ, ਰਾਗ, ਸ਼ੈਲੀ, ਰਸ, ਭਾਸ਼ਾ, ਅਲੰਕਾਰ-ਵਿਧਾਨ, ਬਿੰਬ-ਸਿਰਜਣਾ ਆਦਿ ਦਾ ਜ਼ਿਕਰ ਕਰਦੇ ਹੋਏ ਇਹ ਸਿੱਟਾ ਕੱਢਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਰਚਨਾ ਨੂੰ ਬਹੁਤ ਹੀ ਸੁੰਦਰ ਰੂਪ ਵਿਚ ਪੇਸ਼ ਕੀਤਾ ਹੈ। ਜਿਸ ਵਿਚ ਉਹ ਸਾਰੀਆਂ ਕਲਾ-ਜੁਗਤਾਂ ਪੇਸ਼ ਹਨ, ਜੋ ਕਿਸੇ ਉੱਚ-ਕੋਟੀ ਦੀ ਸਾਹਿਤਕ ਰਚਨਾ ਵਿਚ ਮੰਨੀਆਂ ਜਾਂਦੀਆਂ ਹਨ। ਇਹ ਕਲਾ ਜੁਗਤਾਂ ਹੀ ਕਿਸੇ ਰਚਨਾ ਦੀ ਅੰਦਰੂਨੀ ਤੇ ਬਾਹਰੀ ਸ਼ਿੰਗਾਰ ਹੋਇਆ ਕਰਦੀਆਂ ਹਨ। ਗੁਰੂ ਨਾਨਕ ਦੁਆਰਾ ਵਰਤੀਆਂ ਗਈਆਂ ਇਹੀ ਕਲਾ ਜੁਗਤਾਂ ਅੱਜ ਵੀ ਸਾਹਿਤ ਰਚਨਹਾਰੇ ਤੇ ਸਾਹਿਤ ਚਿੰਤਕਾਂ ਦੀ ਮਾਨਸਿਕਤਾ ਉੱਪਰ ਭਰਵੇਂ ਰੂਪ ਵਿਚ ਛਾਈਆਂ ਹੋਈਆਂ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਪਾਈਆਂ ਉੱਚ-ਲੀਹਾਂ ਉੱਪਰ ਵਿਦਵਾਨ ਵੀ ਚੱਲ ਰਹੇ ਹਨ ਅਤੇ ਚੱਲਦੇ ਰਹਿਣਗੇ।

ਵਿਸਥਾਰ ਸਹਿਤ ਚਰਚਾ ਕਰਨ ਤੋਂ ਬਾਅਦ ਅੰਤ ਵਿਚ ਇਹ ਕਿਹਾ ਜਾ ਸਕਦਾ ਹੈ। ਕਿਸੇ ਵੀ ਸਾਹਿਤਕ ਕਿਰਤ ਨੂੰ ਸਹੀ ਵਾਚਣ ਲਈ ਉਸ ਕਾਰਜ ਦੀ ਸਾਹਿਤਕ ਦ੍ਰਿਸ਼ਟੀ ਤੋਂ ਪਰਖ-ਪੜਚੋਲ ਕਰਨੀ ਬਹੁਤ ਜ਼ਰੂਰੀ ਹੈ। ਇਸ ਸਾਹਿਤਕ ਦ੍ਰਿਸ਼ਟੀ ਨੂੰ ਮੱਦੇ-ਨਜ਼ਰ ਰੱਖਦੇ ਹੋਏ ਅਸੀਂ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ 'ਮਾਝ ਦੀ ਵਾਰ ਦਾ ਸਾਹਿਤਕ ਅਧਿਐਨ' ਨੂੰ ਆਪਣੇ ਖੋਜ-ਕਾਰਜ ਵਿਚ ਪ੍ਰਸਤੁਤ ਕੀਤਾ ਹੈ। ਇਸ ਵਾਰ ਦੇ ਅਧਿਆਤਮਕ, ਧਾਰਮਕ, ਸਮਾਜਕ ਤੇ ਕਲਾਤਮਿਕ ਪੱਖਾਂ ਉੱਪਰ (ਵੱਖ-ਵੱਖ ਵਿਦਵਾਨਾਂ ਦੇ ਦਿੱਤੇ ਤਰਕਾਂ ਦੇ ਆਧਾਰ ਤੇ) ਵਿਸਥਾਰ ਸਾਹਿਤ ਚਰਚਾ ਕਰਨ ਤੋਂ ਬਾਅਦ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਇਹ ਰਚਨਾ (ਮਾਝ ਦੀ ਵਾਰ) ਮਨੁੱਖੀ ਮਾਨਸਿਕਤਾ ਦੇ ਸਰਬ-ਪੱਖੀ ਵਿਕਾਸ 'ਤੇ ਸਾਹਿਤਕ ਪੱਖੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਅੰਤ ਇਹ ਕਿਹਾ ਜਾ ਸਕਦਾ ਹੈ ਕਿ ਮੇਰੇ ਵਲੋਂ ਇਸ ਖੋਜ-ਕਾਰਜ ਵਿਚ ਕੱਢੇ ਗਏ ਸਿੱਟੇ ਮੇਰੇ ਗਿਆਨ ਦਾ ਹੀ ਪ੍ਰਗਟਾਵਾ ਹਨ।

# ਪੁਸਤਕ ਸੂਚੀ


ਅਜਮੇਰ ਸਿੰਘ (ਡਾ.), ਖੋਜ ਪੱਤ੍ਰਿਕਾ ਬੀਰ-ਕਾਵਿ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ,1994

ਆਤਮਾ ਸਿੰਘ (ਪ੍ਰੋ.) ਆਸਾ ਦੀ ਵਾਰ ਇਕ ਦਾਰਸ਼ਨਿਕ ਅਧਿਐਨ, ਅੰਮ੍ਰਿਤਸਰ ਨਵੀਨ ਪ੍ਰਕਾਸ਼ਨ, 1995

ਅੰਮ੍ਰਿਤ ਕੌਰ ਜੁਨੇਜਾ, ਗੁਰੂ ਨਾਨਕ ਦੇਵ ਜੀ ਦਾ ਸਿੱਖਿਆ ਦਰਸ਼ਨ, ਲੋਕਗੀਤ ਪ੍ਰਕਾਸ਼ਨ, ਸਰਹੰਦ, 1989

ਸ੍ਰੀਗੁਰੂ ਗ੍ਰੰਥ ਸਾਹਿਬ (ਸਟੈਂਡਰਡ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਕੋਹਲੀ ਡਾ. ਕੁਲਵੰਤ ਕੌਰ, ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ, ਲੁਧਿਆਣਾ: ਲਾਹੌਰ ਬੁਕ ਸ਼ਾਪ, 1981

ਕਿਸ਼ਨ ਸਿੰਘ (ਪ੍ਰੋ.) ਵਾਰ ਮਾਝ ਅਤੇ ਸਿਧ ਗੋਸ਼ਟਿ, ਸੰਪਾਦਕ: ਪ੍ਰੋ: ਗੁਰਮਤਿ ਸਿੰਘ ਟਿਵਾਣਾ, ਬਰਨਾਲਾ ਵਿਸ਼ਵਭਾਰਤੀ ਪ੍ਰਕਾਸ਼ਨ, 2007

ਕਾਂਗ ਜਸਪਾਲ ਕੌਰ (ਡਾ.) ਅਤੇ ਬਲਜੀਤ ਕੌਰ, ਬਾਣੀ ਸੰਵੇਦਨਾ, ਪ੍ਰਕਾਸ਼ਨ ਨਾਨਕ ਸਿੰਘ, ਅੰਮ੍ਰਿਤਸਰ , ਪੁਸਤਕ ਮਾਲਾ 5-ਸਿਟੀ ਸੈਂਟਰ,2007

ਗੁਰਮੁਖ ਸਿੰਘ, ਬਾਣੀ ਗੁਰੂ ਨਾਨਕ ਦੇਵ ਜੀ (ਮਲ੍ਹਾਰ ਦੀ ਵਾਰ) ਪਾਠ ਅਤੇ ਵਿਸ਼ੇਸ਼ਣ, ਅੰਮ੍ਰਿਤਸਰ: ਵਾਰਿਸ਼ ਸ਼ਾਹ ਫ਼ਾਊਂਡੇਸ਼ਨ, 2009

ਘੁੰਮਣ ਬਿਕਰਮ ਸਿੰਘ (ਡਾ.), ਮੱਧਕਾਲੀਨ ਪੰਜਾਬੀ ਸਾਹਿਤ, ਲੁਧਿਆਣਾ ਪੰਜਾਬੀ ਰਾਈਟਰਕਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, 1989

ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਦਿੱਲੀ ਪੰਜਾਬੀ ਅਕਾਦਮੀ, 2004

ਥਿੰਦ ਕਰਨੈਲ ਸਿੰਘ (ਡਾ.), ਲੋਕਯਾਨ ਅਤੇ ਮੱਧਕਾਲੀ ਪੰਜਾਬੀ ਸਾਹਿਤ, ਅੰਮ੍ਰਿਤਸਰ ਨਾਨਕ ਸਿੰਘ, ਪੁਸਤਕ ਮਾਲਾ, 1998

ਨੂਰ, ਸੁਤਿੰਦਰ ਸਿੰਘ, ਵਾਰ ਕਾਵਿ ਦਾ ਇਤਿਹਾਸ, ਦਿੱਲੀ ਪੰਜਾਬੀ ਅਕਾਦਮੀ, 2005

ਨਾਭਾ, ਕਾਨ੍ਹ ਸਿੰਘ (ਭਾਈ), ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ: ਪੰਜਾਬ, 1999

ਪਦਮ, ਪਿਆਰਾ ਸਿੰਘ (ਪ੍ਰੋ.), ਪੰਜਾਬੀ ਵਾਰਾਂ, ਪਟਿਆਲਾ: ਕਲਮ ਮੰਦਿਰ, ਲੋਯਰ ਮਾਲ, 1980

ਪ੍ਰੋ.ਬ੍ਰਹਮਜਗਦੀਸ਼ ਸਿੰਘ, ਮਾਝ ਦੀ ਵਾਰ, ਰੂਪ-ਰਚਨਾ ਅਤੇ ਪਾਠ, ਅੰਮ੍ਰਿਤਸਰ: ਵਾਰਿਸ਼ ਸ਼ਾਹ ਫ਼ਾਉਂਡੇਸ਼ਨ, 2006

ਪ੍ਰਿਤਪਾਲ ਸਿੰਘ, ਜਪੁਜੀ ਵਿਵੇਚਨ, ਮੋਹਿਤ ਇੰਟਰ ਪ੍ਰਾਇਜ਼ਿਜ਼ ਬੁਕਸ ਮਾਰਕੀਟ, ਪਟਿਆਲਾ: 1981

ਪ੍ਰੀਤਮ ਸਿੰਘ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ, ਲੁਧਿਆਣਾ: ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ

ਬਾਵਾ ਬੁੱਧ ਸਿੰਘ, ਪ੍ਰੇਮ ਕਹਾਣੀ ਲਾਹੌਰ, 1932

ਭਾਈ ਮੋਹਨ ਸਿੰਘ ਵੈਦ ਸਿਮ੍ਰਤੀ ਅੰਕ, ਖੋਜ ਪਤ੍ਰਿਕਾ, ਮੁਖ ਸੰਪਾਦਕ (ਡਾ.) ਰਤਨ ਸਿੰਘ ਜੋਸ਼ੀ ਪਟਿਆਲਾ:ਪਬਲੀਕੇਸ਼ਨਬਿਊਰੋ ਪੰਜਾਬੀ ਯੂਨੀਵਰਸਿਟੀ, 1981

ਭੁਪਿੰਦਰ ਕੌਰ (ਪ੍ਰੋ.), ਪੰਜਾਬੀ ਕਾਵਿ ਦਾ ਆਲੋਚਨਾਤਮਕ ਸਰਵੇਖਣ, ਚੰਡੀਗੜ੍ਹ:ਰਘਵੀਰ ਰਚਨਾ ਪ੍ਰਕਾਸ਼ਨ, 1989

ਭਾਈ ਸਾਹਿਬ ਭਾਈ ਵੀਰ ਸਿੰਘ, ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਨਵੀਂ ਦਿੱਲੀ,:ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, 2012

ਲੇਖਕ ਹਰਬੰਸ ਸਿੰਘ, ਸੋਧਕ ਗੁਰਚਰਨ ਸਿੰਘ (ਡਾ.), ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪਟਿਆਲਾ:ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ,2003